28-AUG-PAGE-1.qxd 8/27/2024 10:42 PM Page 1

ਬੁੱਧਵਾਰ, 28 ਅਗਸਤ, 2024
13 ਭਾਦੋਂ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 73
ਅੰਕ/NO. : 87

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 28 AUGUST, 2024 ਜਲੰਧਰ

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |



## ਡੈਮ 'ਚ ਡਿੱਗਿਆ ਜਹਾਜ਼ ਲੱਭਾ

**ਜਮਸ਼ੇਦਪੁਰ** : ਭਾਰਤੀ ਜਲ ਸੈਨਾ ਦੇ ਜਵਾਨਾਂ ਨੇ ਝਾਰਖੰਡ ਦੇ ਸਰਾਏਕੇਲਾ-ਖਰਸਾਵਾਂ ਜ਼ਿਲ੍ਹੇ ਦੇ ਚਾਂਡਿਲ ਡੈਮ ਤੋਂ ਦੋ ਸੀਟਾਂ ਵਾਲੇ ਜਹਾਜ਼ ਦਾ ਮਲਬਾ ਬਾਹਰ ਕੱਢ ਲਿਆ ਹੈ। ਇਹ ਜਹਾਜ਼ 20 ਅਗਸਤ ਨੂੰ ਜਮਸ਼ੇਦਪੁਰ ਦੇ ਸੋਨਾਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਬਾਅਦ ਲਾਪਤਾ ਹੋ ਗਿਆ ਸੀ। ਵੀਰਵਾਰ ਪਾਇਲਟ ਕੈਪਟਨ ਜੀਤ ਸ਼ਤਰੂ ਅਤੇ ਟਰੇਨੀ ਪਾਇਲਟ ਸ਼ੁਭਰੋਦੀਪ ਦੱਤਾ ਦੀਆਂ ਲਾਸ਼ਾਂ ਬਰਾਮਦ ਹੋਈਆਂ ਸਨ। ਭਾਰਤੀ ਜਲ ਸੈਨਾ ਦੀ ਟੀਮ ਨੇ ਐਤਵਾਰ 'ਸੇਸਨਾ-152' ਜਹਾਜ਼ ਦਾ ਪਤਾ ਲਗਾਉਣ ਤੋਂ ਬਾਅਦ ਸੋਮਵਾਰ ਸਵੇਰੇ 10 ਵਜੇ ਚਾਂਡਿਲ ਡੈਮ 'ਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਜਵਾਨਾਂ ਨੇ ਸੋਮਵਾਰ ਰਾਤ ਨੂੰ ਡੈਮ 'ਚ 15-18 ਮੀਟਰ ਦੀ ਡੂੰਘਾਈ ਤੋਂ ਗੁਬਾਰਿਆਂ ਦੀ ਮਦਦ ਨਾਲ ਜਹਾਜ਼ ਦੇ ਮਲਬੇ ਨੂੰ ਬਾਹਰ ਕੱਢਿਆ।

## ਭੁੱਖ ਹੜਤਾਲ ਖਤਮ

**ਨਵੀਂ ਦਿੱਲੀ** : ਇੱਥੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਦਿਆਰਥੀ ਯੂਨੀਅਨ ਨੇ ਆਪਣੀਆਂ ਮੰਗਾਂ ਦੇ ਹੱਕ 'ਚ ਯੂਨੀਵਰਸਿਟੀ ਪ੍ਰਸ਼ਾਸਨ ਵਿਰੁੱਧ 17 ਦਿਨਾਂ ਦੇ ਵਿਰੋਧ ਪ੍ਰਦਰਸ਼ਨ ਤੋਂ ਬਾਅਦ ਮੰਗਲਵਾਰ ਸਵੇਰੇ ਆਪਣੀ ਭੁੱਖ ਹੜਤਾਲ ਖਤਮ ਕਰ ਦਿੱਤੀ। ਯੂਨੀਅਨ ਮੁਤਾਬਕ ਜੇ ਐੱਨ ਯੂ ਪ੍ਰਸ਼ਾਸਨ ਨੇ ਕਈ ਮੁੱਖ ਮੰਗਾਂ ਨੂੰ ਮੰਨਣ ਦਾ ਭਰੋਸਾ ਦਿੱਤਾ ਹੈ।

## ਧਾਲੀਵਾਲ ਨੇ ਅੰਡੇਮਾਨ-ਨਿਕੋਬਾਰ ਦੇ ਡੀ ਜੀ ਪੀ ਦਾ ਅਹੁਦਾ ਸੰਭਾਲਿਆ



**ਚੰਡੀਗੜ੍ਹ** : ਹਰਗੋਬਿੰਦਰ ਸਿੰਘ ਧਾਲੀਵਾਲ ਨੇ ਮੰਗਲਵਾਰ ਆਪਣੇ ਜਨਮ ਦਿਨ ਵਾਲੇ ਦਿਨ ਅੰਡੇਮਾਨ ਅਤੇ ਨਿਕੋਬਾਰ ਟਾਪੂ ਦੇ ਡੀ ਜੀ ਪੀ ਦਾ ਅਹੁਦਾ ਸੰਭਾਲ ਲਿਆ। ਮੋਗਾ ਦੇ ਪਿੰਡ ਜਫਰਨਾਮਾ ਦੇ ਰਹਿਣ ਵਾਲੇ ਧਾਲੀਵਾਲ ਨੇ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਗੋਲੀ ਮਾਰਨ ਵਾਲੇ ਗਰੋਹ ਨੂੰ ਗ੍ਰਿਫਤਾਰ ਕੀਤਾ ਸੀ। ਧਾਲੀਵਾਲ ਦੀ ਅਗਵਾਈ ਹੇਠ ਦਿੱਲੀ ਦੀਆਂ ਪੁਲਸ ਟੀਮਾਂ ਨੇ ਮੂਸੇਵਾਲਾ ਕੇਸ ਦੇ ਛੇ ਸ਼ੂਟਰਾਂ ਵਿੱਚੋਂ ਤਿੰਨ ਨੂੰ ਗ੍ਰਿਫਤਾਰ ਕੀਤਾ ਸੀ। ਨੇਪਾਲ ਸਰਹੱਦ ਦੇ ਨੇੜੇ ਚੌਥੇ ਸ਼ੂਟਰ ਦੀਪਕ ਮੁੰਡੀ ਨੂੰ ਲੱਭਣ 'ਚ ਵੀ ਅਹਿਮ ਭੂਮਿਕਾ ਨਿਭਾਈ ਸੀ। ਧਾਲੀਵਾਲ ਚੰਡੀਗੜ੍ਹ ਦੇ ਐੱਸ ਪੀ (ਅਪ੍ਰੇਸ਼ਨਜ਼) ਵੀ ਰਹੇ।

## ਭਾਜਪਾ 'ਚ ਜਾਵਾਂਗਾ : ਚੰਪਈ



**ਨਵੀਂ ਦਿੱਲੀ** : ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਤੇ ਜੇ ਐੱਮ ਐੱਮ ਨੇਤਾ ਚੰਪਾਈ ਸੋਰੇਨ ਨੇ ਕਿਆਸਅਰਾਈਆਂ ਖਤਮ ਕਰਦਿਆਂ ਐਲਾਨਿਆ ਹੈ ਕਿ ਉਹ 30 ਅਗਸਤ ਨੂੰ ਭਾਜਪਾ 'ਚ ਸ਼ਾਮਲ ਹੋ ਰਹੇ ਹਨ। ਉਨ੍ਹਾ ਕਿਹਾ- ਪਹਿਲਾਂ ਮੈਂ ਸੋਚਿਆ ਸੀ ਕਿ ਰਾਜਨੀਤੀ ਤੋਂ ਸੰਨਿਆਸ ਲੈ ਲਵਾਂਗਾ, ਪਰ ਫਿਰ ਲੋਕਾਂ ਦੇ ਸਮਰਥਨ ਕਾਰਨ ਮੈਂ ਅਜਿਹਾ ਨਾ ਕਰਨ ਦਾ ਫੈਸਲਾ ਕੀਤਾ। ਮੈਂ ਆਪਣੀ ਪਾਰਟੀ ਬਣਾਉਣ ਬਾਰੇ ਵੀ ਸੋਚਿਆ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਬਦੌਲਤ ਮੈਂ ਹੁਣ ਭਾਜਪਾ 'ਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।

## ਉਮਰ ਗੰਦਰਬਲ ਤੋਂ ਲੜਨਗੇ

**ਸ੍ਰੀਨਗਰ** : ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣ ਗੰਦਰਬਲ ਹਲਕੇ ਤੋਂ ਲੜਨਗੇ। ਪਹਿਲਾਂ ਉਨ੍ਹਾ ਚੋਣ ਨਾ ਲੜਨ ਦੀ ਸਹੁੰ ਖਾਧੀ ਸੀ।

## ਹਰਮਨਪ੍ਰੀਤ ਦੇ ਹੱਥ ਵਾਗਡੋਰ

**ਨਵੀਂ ਦਿੱਲੀ** : ਸਟਾਰ ਬੱਲੇਬਾਜ਼ ਹਰਮਨਪ੍ਰੀਤ ਕੌਰ 3 ਅਕਤੂਬਰ ਤੋਂ ਸੰਯੁਕਤ ਅਰਬ ਅਮੀਰਾਤ 'ਚ ਸ਼ੁਰੂ ਹੋਣ ਵਾਲੇ ਮਹਿਲਾ ਟੀ-20 ਵਿਸ਼ਵ ਕੱਪ ਲਈ ਮੰਗਲਵਾਰ ਐਲਾਨੀ 15 ਮੈਂਬਰੀ ਭਾਰਤੀ ਟੀਮ ਦੀ ਅਗਵਾਈ ਕਰੇਗੀ। ਟੂਰਨਾਮੈਂਟ ਦੀ ਮੇਜ਼ਬਾਨੀ ਪਹਿਲਾਂ ਬੰਗਲਾਦੇਸ਼ ਨੇ ਕਰਨੀ ਸੀ ਪਰ ਉੱਥੇ ਅਸ਼ਾਂਤੀ ਦੇ ਕਾਰਨ ਇਸ ਨੂੰ ਸੰਯੁਕਤ ਅਰਬ ਅਮੀਰਾਤ ਤਬਦੀਲ ਕਰ ਦਿੱਤਾ ਗਿਆ।

## ਏਅਰ ਇੰਡੀਆ ਪੰਜਾਬੀ ਵੀ ਸੁਣੇਗੀ

**ਮੁੰਬਈ** : ਏਅਰ ਇੰਡੀਆ ਨੇ ਮੰਗਲਵਾਰ ਕਿਹਾ ਕਿ ਉਸ ਨੇ ਮੌਜੂਦਾ ਅੰਗਰੇਜ਼ੀ ਅਤੇ ਹਿੰਦੀ ਤੋਂ ਇਲਾਵਾ ਮਰਾਠੀ, ਪੰਜਾਬੀ, ਤਾਮਿਲ ਅਤੇ ਮਲਿਆਲਮ ਸਮੇਤ ਸੱਤ ਨਵੀਆਂ ਭਾਸ਼ਾਵਾਂ ਨੂੰ ਆਪਣੇ ਆਈ ਵੀ ਆਰ ਸਿਸਟਮ 'ਚ ਸ਼ਾਮਲ ਕਰਕੇ ਗਾਹਕ ਸਹਾਇਤਾ ਸੇਵਾਵਾਂ 'ਚ ਵਾਧਾ ਕੀਤਾ ਹੈ। ਆਈ ਵੀ ਆਰ (ਇੰਟਰਐਕਟਿਵ ਵਾਇਸ ਰਿਸਪਾਂਸ) ਸਿਸਟਮ ਹੁਣ ਗਾਹਕਾਂ ਦੇ ਮੋਬਾਇਲ ਨੈੱਟਵਰਕ ਦੇ ਅਧਾਰ 'ਤੇ ਗਾਹਕ ਦੀ ਭਾਸ਼ਾ ਦੀ ਤਰਜੀਹ ਨੂੰ ਆਪਣੇ ਆਪ ਪਛਾਣ ਲਵੇਗਾ। ਏਅਰਲਾਈਨ ਦੀਆਂ 24 ਘੰਟੇ ਗਾਹਕ ਸਹਾਇਤਾ ਸੇਵਾਵਾਂ ਵਿਚ ਬੰਗਾਲੀ, ਕੰਨੜ, ਮਲਿਆਲਮ, ਮਰਾਠੀ, ਪੰਜਾਬੀ, ਤਾਮਿਲ ਅਤੇ ਤੇਲਗੂ ਦੀਆਂ ਸੱਤ ਭਾਸ਼ਾਵਾਂ ਹਨ। ਏਅਰ ਇੰਡੀਆ ਦੇ ਗਾਹਕਾਂ ਲਈ ਭਾਰਤੀ ਭਾਸ਼ਾਵਾਂ 'ਚ ਵਿਸ਼ੇਸ਼ ਸਹਾਇਤਾ ਹਰ ਰੋਜ਼ ਸਵੇਰੇ 8 ਵਜੇ ਤੋਂ ਰਾਤ 11 ਵਜੇ ਤੱਕ ਉਪਲੱਬਧ ਹੋਵੇਗੀ।

# ਬਾਇਡਨ ਤੋਂ ਬਾਅਦ ਮੋਦੀ ਦੀ ਪੁਤਿਨ ਨਾਲ ਹੈਲੋ-ਹੈਲੋ

**ਮਾਸਕੋ** : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਮੰਗਲਵਾਰ ਫੋਨ 'ਤੇ ਗੱਲਬਾਤ ਹੋਈ। ਰੂਸੀ ਰਾਸ਼ਟਰਪਤੀ ਦਫਤਰ ਨੇ ਇਸ ਗੱਲਬਾਤ ਦੇ ਕੋਈ ਵੇਰਵੇ ਜਾਰੀ ਨਹੀਂ ਕੀਤੇ। ਮੋਦੀ ਨੇ ਪਿਛਲੇ ਹਫਤੇ ਯੂਕਰੇਨ ਦਾ ਦੌਰਾ ਕਰਕੇ ਉੱਥੇ ਦੀ ਸਥਿਤੀ 'ਤੇ ਰਾਸ਼ਟਰਪਤੀ ਵੋਲੋਦੋਮੀਰ ਜ਼ੇਲੈਂਸਕੀ ਨਾਲ ਚਰਚਾ ਕੀਤੀ ਸੀ। ਮੋਦੀ ਨੇ ਪੁਤਿਨ ਨਾਲ ਹੋਈ ਗੱਲਬਾਤ ਦੀ 'ਐਕਸ' ਉੱਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੁਤਿਨ ਨਾਲ ਭਾਰਤ-ਰੂਸ ਦੀ ਖਾਸ ਤੇ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਨੂੰ ਲੈ ਕੇ ਗੱਲਬਾਤ ਹੋਈ। ਰੂਸ-ਯੂਕਰੇਨ ਜੰਗ ਬਾਰੇ ਵੀ ਵਿਚਾਰ-ਵਟਾਂਦਰਾ ਹੋਇਆ। ਮੋਦੀ ਨੇ ਯੂਕਰੇਨ ਦੇ ਰਾਸ਼ਟਰਪਤੀ ਨਾਲ ਹੋਈ ਗੱਲਬਾਤ ਵੀ ਪੁਤਿਨ ਨਾਲ ਸਾਂਝੀ ਕੀਤੀ ਅਤੇ ਜੰਗ ਦੇ ਪੁਰਅਮਨ ਹੱਲ ਲਈ ਭਾਰਤ ਦੀ ਪ੍ਰਤੀਬੱਧਤਾ ਦੁਹਰਾਈ। ਜ਼ੇਲੈਂਸਕੀ ਨੇ ਕਿਹਾ ਸੀ ਕਿ ਜੰਗ ਖਤਮ ਕਰਨ ਲਈ ਨਵੀਂ



ਦਿੱਲੀ ਵਿਚ ਦੂਜਾ ਅਮਨ ਸੰਮੇਲਨ ਹੋਣਾ ਚਾਹੀਦਾ ਹੈ। ਪਹਿਲਾ ਸੰਮੇਲਨ ਸਵਿਟਜ਼ਰਲੈਂਡ ਵਿਚ ਹੋਇਆ ਸੀ, ਜਿਸ ਵਿਚ ਰੂਸ ਸ਼ਾਮਲ ਨਹੀਂ ਹੋਇਆ ਸੀ।

ਦੋ ਮਹੀਨਿਆਂ ਵਿਚ ਦੂਜੀ ਵਾਰ ਹੈ ਜਦੋਂ ਮੋਦੀ ਨੇ ਜੰਗ ਰੋਕਣ ਲਈ ਪੁਤਿਨ ਨਾਲ ਗੱਲਬਾਤ ਕੀਤੀ ਹੈ। ਉਹ 8 ਜੁਲਾਈ ਨੂੰ ਰੂਸ ਗਏ ਸਨ। ਉਦੋਂ ਉਨ੍ਹਾ ਕਿਹਾ ਸੀ ਕਿ ਇਹ ਸਮਾਂ ਜੰਗ ਦਾ ਨਹੀਂ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਸੋਮਵਾਰ ਮੋਦੀ ਨਾਲ ਫੋਨ 'ਤੇ ਗੱਲ ਕੀਤੀ ਸੀ ਅਤੇ ਯੂਕਰੇਨ ਲਈ ਉਨ੍ਹਾ ਦੇ ਅਮਨ ਅਤੇ ਮਨੁੱਖਤਾਵਾਦੀ ਸਮਰਥਨ ਦੇ ਸੰਦੇਸ਼ ਲਈ ਉਨ੍ਹਾ ਦੀ ਪ੍ਰਸ਼ੰਸਾ ਕੀਤੀ ਸੀ। ਮੋਦੀ ਦੀ 23 ਅਗਸਤ ਦੀ ਕੀਵ ਫੇਰੀ ਨੂੰ ਕੂਟਨੀਤਕ ਸੰਤੁਲਨ ਬਣਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ ਕਿਉਂਕਿ ਬਾਇਡਨ ਪ੍ਰਸ਼ਾਸਨ ਨੇ ਪਿਛਲੇ ਮਹੀਨੇ ਉਨ੍ਹਾ ਦੇ ਰੂਸ ਦੌਰੇ ਦੀ ਆਲੋਚਨਾ ਕੀਤੀ ਸੀ ਅਤੇ ਕਈ ਪੱਛਮੀ ਦੇਸ਼ਾਂ ਨੇ ਇਸ 'ਤੇ ਨਾਰਾਜ਼ਗੀ ਪ੍ਰਗਟਾਈ ਸੀ। ਐਕਸ 'ਤੇ ਪੋਸਟ 'ਚ ਬਾਇਡਨ ਨੇ ਕਿਹਾ-ਮੈਂ ਪ੍ਰਧਾਨ ਮੰਤਰੀ ਮੋਦੀ ਨਾਲ ਉਨ੍ਹਾ ਦੀ ਹਾਲੀਆ ਪੋਲੈਂਡ ਅਤੇ ਯੂਕਰੇਨ ਦੀ ਯਾਤਰਾ 'ਤੇ ਚਰਚਾ ਕਰਨ ਲਈ ਫੋਨ 'ਤੇ ਗੱਲ ਕੀਤੀ ਅਤੇ ਯੂਕਰੇਨ ਲਈ ਅਮਨ ਅਤੇ ਮਨੁੱਖਤਾਵਾਦੀ ਸਮਰਥਨ ਦੇ ਉਨ੍ਹਾ ਦੇ ਸੰਦੇਸ਼ ਦੀ ਸ਼ਲਾਘਾ ਕੀਤੀ। ਅਸੀਂ ਹਿੰਦ-ਪ੍ਰਸ਼ਾਂਤ 'ਚ ਅਮਨ ਅਤੇ ਖੁਸ਼ਹਾਲੀ 'ਚ ਯੋਗਦਾਨ ਪਾਉਣ ਲਈ ਮਿਲ ਕੇ ਕੰਮ ਕਰਨ ਦੀ ਆਪਣੀ ਵਚਨਬੱਧਤਾ ਦੀ ਵੀ ਪੁਸ਼ਟੀ ਕੀਤੀ ਹੈ।

# ਸ਼ਿਵਾਜੀ ਦਾ ਬੁੱਤ ਡਿੱਗਿਆ, ਦੋਸ਼ ਨੇਵੀ ਸਿਰ



**ਮੁੰਬਈ** : ਮਹਾਰਾਸ਼ਟਰ ਦੇ ਸਿੰਧੂਦੁਰਗ ਜ਼ਿਲ੍ਹੇ 'ਚ ਛਤਰਪਤੀ ਸ਼ਿਵਾਜੀ ਮਹਾਰਾਜ ਦਾ ਬੁੱਤ ਡਿੱਗਣ ਦੇ ਮਾਮਲੇ 'ਚ ਪੁਲਸ ਨੇ ਠੇਕੇਦਾਰ ਅਤੇ ਇਕ ਹੋਰ ਖਿਲਾਫ ਕੇਸ ਦਰਜ ਕੀਤਾ ਹੈ। ਸਿੰਧੂਦੁਰਗ ਦੀ ਮਾਲਵਨ ਤਹਿਸੀਲ ਦੇ ਰਾਜਕੋਟ ਕਿਲ੍ਹੇ 'ਚ 17ਵੀਂ ਸਦੀ ਦੇ ਮਰਾਠਾ ਯੋਧੇ ਦਾ 35 ਫੁੱਟ ਉੱਚਾ ਬੁੱਤ ਸੋਮਵਾਰ ਬਾਅਦ ਦੁਪਹਿਰ 1 ਵਜੇ ਦੇ ਕਰੀਬ ਡਿੱਗ ਗਿਆ ਸੀ। ਇਸ ਦਾ ਪਿਛਲੇ ਸਾਲ 4 ਦਸੰਬਰ ਨੂੰ ਜਲ ਸੈਨਾ ਦਿਵਸ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਦਘਾਟਨ ਕੀਤਾ ਸੀ। ਇਸ ਘਟਨਾ ਕਾਰਨ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੂੰ ਕਾਫੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਸ਼ਿੰਦੇ ਨੇ ਕਿਹਾ ਕਿ ਬੁੱਤ ਭਾਰਤੀ ਜਲ ਸੈਨਾ ਨੇ ਡਿਜ਼ਾਈਨ ਕੀਤਾ ਅਤੇ ਬਣਾਇਆ ਸੀ।

ਉਨ੍ਹਾ ਕਿਹਾ ਕਿ 45 ਕਿੱਲੋਮੀਟਰ ਦੀ ਰਫਤਾਰ ਨਾਲ ਹਵਾ ਚੱਲਣ ਕਰਕੇ ਬੁੱਤ ਡਿੱਗ ਗਿਆ। ਉਪ ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਵੀ ਕਿਹਾ ਹੈ ਕਿ ਬੁੱਤ ਸੂਬਾ ਸਰਕਾਰ ਨੇ ਨਹੀਂ, ਸਗੋਂ ਜਲ ਸੈਨਾ ਨੇ ਬਣਾਇਆ ਸੀ। ਬੁੱਤ ਬਣਾਉਣ ਵਾਲਿਆਂ ਨੇ ਸਥਾਨਕ ਮੌਸਮ ਤੇ ਲੋਹੇ ਦੀ ਕੁਆਲਿਟੀ ਦਾ ਖਿਆਲ ਨਹੀਂ ਰੱਖਿਆ। ਹੋ ਸਕਦਾ ਹੈ ਕਿ ਸਿੱਲ੍ਹੀਆਂ ਸਮੁੰਦਰੀ ਹਵਾਵਾਂ ਕਾਰਨ ਬੁੱਤ ਕਮਜ਼ੋਰ ਹੋ ਗਿਆ ਹੋਵੇ। ਸਰਕਾਰ ਹੁਣ ਵੱਡਾ ਬੁੱਤ ਲਾਵੇਗੀ।

ਲੋਕ ਨਿਰਮਾਣ ਮੰਤਰੀ ਰਵਿੰਦਰ ਚਵਾਨ ਨੇ ਕਿਹਾ ਕਿ ਉਨ੍ਹਾ ਦੇ ਅਧਿਕਾਰੀਆਂ ਨੇ ਜੰਗਾਲ ਦੇਖ ਕੇ ਜਲ ਸੈਨਾ ਨੂੰ ਸੂਚਿਤ ਕੀਤਾ ਸੀ। ਉੱਧਰ ਸ਼ਿਵ ਸੈਨਾ ਆਗੂ ਆਦਿੱਤਿਆ ਠਾਕਰੇ ਨੇ ਕਿਹਾ ਕਿ ਸੋਚ ਨਹੀਂ ਸਕਦੇ ਕਿ ਛਤਰਪਤੀ ਸ਼ਿਵਾ ਜੀ ਦਾ ਬੁੱਤ ਲਾਉਣ ਵਿਚ ਵੀ ਕੁਰੱਪਸ਼ਨ ਹੋ ਸਕਦੀ ਹੈ। ਪਸੰਦੀਦਾ ਠੇਕੇਦਾਰ ਤੋਂ ਬੁੱਤ ਲੁਆਇਆ ਗਿਆ। ਚੋਣਾਂ ਤੋਂ ਪਹਿਲਾਂ ਉਦਘਾਟਨ ਕੀਤਾ ਗਿਆ ਤੇ ਸ਼ਰਮ ਦੀ ਗੱਲ ਹੈ ਕਿ ਹੁਣ ਦੋਸ਼ ਜਲ ਸੈਨਾ ਦੇ ਸਿਰ ਮੜ੍ਹਿਆ ਜਾ ਰਿਹਾ ਹੈ।

# ਦੁਸ਼ਯੰਤ ਤੇ ਆਜ਼ਾਦ ਨੇ ਕੀਤਾ ਗੱਠਜੋੜ

**ਨਵੀਂ ਦਿੱਲੀ** : ਜਨਨਾਇਕ ਜਨਤਾ ਪਾਰਟੀ (ਜੇ ਜੇ ਪੀ) ਦੇ ਪ੍ਰਧਾਨ ਦੁਸ਼ਯੰਤ ਚੌਟਾਲਾ ਅਤੇ ਆਜ਼ਾਦ ਸਮਾਜ ਪਾਰਟੀ (ਕਾਂਸ਼ੀ ਰਾਮ) ਦੇ ਪ੍ਰਧਾਨ ਚੰਦਰਸ਼ੇਖਰ ਆਜ਼ਾਦ ਨੇ ਮੰਗਲਵਾਰ ਐਲਾਨਿਆ ਕਿ ਉਹ ਹਰਿਆਣਾ ਅਸੰਬਲੀ ਚੋਣਾਂ ਮਿਲ ਕੇ ਲੜਨਗੇ। ਜੇ ਜੇ ਪੀ 70 ਤੇ ਆਜ਼ਾਦ ਦੀ ਪਾਰਟੀ 20 ਉਮੀਦਵਾਰ ਖੜ੍ਹੇ ਕਰੇਗੀ।

ਦੁਸ਼ਯੰਤ ਨੇ ਕਿਹਾ ਕਿ ਇਹ ਗੱਠਜੋੜ 1998 ਦੇ ਗੱਠਜੋੜ ਵਰਗਾ ਹੈ, ਜਦੋਂ ਇਨੈਲੋ ਪ੍ਰਧਾਨ ਦੇਵੀ ਲਾਲ ਨੇ ਬੀ ਆਰ ਅੰਬੇਡਕਰ ਨੂੰ ਭਾਰਤ ਰਤਨ ਦੇਣ ਦੀ ਮੰਗ ਨੂੰ ਲੈ ਕੇ ਬਸਪਾ ਦੇ ਬਾਨੀ ਕਾਂਸ਼ੀ ਰਾਮ ਦੇ ਦਿੱਲੀ ਬੋਟ ਕਲੱਬ ਦੇ ਅੰਦੋਲਨ ਦੀ ਹਮਾਇਤ ਕੀਤੀ ਸੀ। ਦੁਸ਼ਯੰਤ ਨੇ



ਕਿਹਾ ਕਿ ਉਹ ਚੋਣਾਂ ਤੋਂ ਬਾਅਦ ਭਾਜਪਾ ਨਾਲ ਗੱਠਜੋੜ ਨਹੀਂ ਕਰਨਗੇ। ਇਹ ਪੁੱਛੇ ਜਾਣ 'ਤੇ ਕਿ ਕੀ ਉਹ ਆਪਣੀ ਗੱਲ 'ਤੇ ਕਾਇਮ ਰਹਿਣਗੇ, ਦੁਸ਼ਯੰਤ ਨੇ ਕਿਹਾ— ਭਾਜਪਾ ਨਾਲ ਕਦੇ ਗੱਠਜੋੜ ਨਹੀਂ ਕਰਾਂਗੇ। ਅਸੀਂ ਭਾਜਪਾ ਨਾਲ ਗੱਠਜੋੜ ਕਰਕੇ ਨੁਕਸਾਨ ਉਠਾਇਆ ਹੈ। ਭਾਜਪਾ ਦਾ ਅਖੌਤੀ ਐੱਨ ਡੀ ਏ ਸਿਰਫ ਬਿਹਾਰ ਤੇ ਆਂਧਰਾ ਤੱਕ ਸੀਮਤ ਹੈ। ਆਜ਼ਾਦ ਨੇ ਵੀ ਕਿਹਾ ਕਿ ਉਹ ਵੀ ਭਾਜਪਾ ਨਾਲ ਗੱਠਜੋੜ ਨਹੀਂ ਕਰਨਗੇ, ਕਿਉਂਕਿ ਉਸ ਨੇ ਕਿਸਾਨਾਂ ਸਣੇ ਆਮ ਲੋਕਾਂ ਦਾ ਬਹੁਤ ਨੁਕਸਾਨ ਕੀਤਾ ਹੈ। ਦੋਹਾਂ ਆਗੂਆਂ ਦਾ ਆਸ਼ਾਵਾਦ ਹੈ ਕਿ ਉਹ ਸੂਬੇ ਵਿਚ ਸਰਕਾਰ ਬਣਾਉਣ 'ਚ ਬਾਦਸ਼ਾਹਗਰ (ਕਿੰਗਮੇਕਰ) ਬਣ ਸਕਦੇ ਹਨ।

ਸਿਆਸੀ ਅਬਜ਼ਰਵਰਾਂ ਦਾ ਕਹਿਣਾ ਹੈ ਕਿ ਇਹ ਗੱਠਜੋੜ ਕਾਂਗਰਸ ਦਾ ਨੁਕਸਾਨ ਕਰੇਗਾ ਤੇ ਭਾਜਪਾ ਦਾ ਫਾਇਦਾ ਕਰ ਸਕਦਾ ਹੈ, ਕਿਉਂਕਿ ਉਸ ਦੀ ਜਾਟਾਂ ਤੇ ਦਲਿਤਾਂ ਵਿਚ ਪੁਜ਼ੀਸ਼ਨ ਕਮਜ਼ੋਰ ਹੋਈ ਹੈ।

# ਮਾਇਆਵਤੀ ਮੁੜ ਪ੍ਰਧਾਨ ਚੁਣੀ ਗਈ

**ਲਖਨਊ** : ਮੰਗਲਵਾਰ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੂੰ ਮੁੜ ਸਰਬਸੰਮਤੀ ਨਾਲ ਬਹੁਜਨ ਸਮਾਜ ਪਾਰਟੀ (ਬਸਪਾ) ਦੀ ਕੌਮੀ ਪ੍ਰਧਾਨ ਚੁਣ ਲਿਆ ਗਿਆ। ਇਹ ਫੈਸਲਾ ਬਸਪਾ ਕੇਂਦਰੀ ਕਾਰਜਕਾਰਨੀ ਕਮੇਟੀ ਅਤੇ ਕੌਮੀ ਪੱਧਰ ਦੇ ਅਹੁਦੇਦਾਰਾਂ, ਰਾਜ ਇਕਾਈਆਂ ਅਤੇ ਦੇਸ਼ ਭਰ ਤੋਂ ਚੁਣੇ ਗਏ ਨੁਮਾਇੰਦਿਆਂ ਦੀ ਵਿਸ਼ੇਸ਼ ਮੀਟਿੰਗ ਦੌਰਾਨ ਲਿਆ ਗਿਆ। 68 ਸਾਲਾ ਮਾਇਆਵਤੀ ਉੱਤਰ ਪ੍ਰਦੇਸ਼ ਦੀ ਚਾਰ ਵਾਰ ਮੁੱਖ ਮੰਤਰੀ ਰਹਿ ਚੁੱਕੀ ਹੈ।



ਬਸਪਾ ਦੇ ਬਾਨੀ ਕਾਂਸ਼ੀ ਰਾਮ ਨੇ ਦੋ ਦਹਾਕੇ ਪਹਿਲਾਂ ਉਨ੍ਹਾ ਨੂੰ ਆਪਣਾ ਸਿਆਸੀ ਉੱਤਰਾਧਿਕਾਰੀ ਐਲਾਨਿਆ ਸੀ। ਇਸੇ ਦੌਰਾਨ ਮਾਇਆਵਤੀ ਨੇ ਕਿਹਾ ਹੈ ਕਿ ਉਹ ਸਰਗਰਮ ਸਿਆਸਤ ਤੋਂ ਰਿਟਾਇਰ ਨਹੀਂ ਹੋ ਰਹੀ। ਉਨ੍ਹਾ ਦੋਸ਼ ਲਾਇਆ ਕਿ ਜਾਤੀਵਾਦੀ ਮੀਡੀਆ ਅਜਿਹੀਆਂ ਫਰਜ਼ੀ ਖਬਰਾਂ ਦਾ ਪ੍ਰਚਾਰ ਕਰ ਰਿਹਾ ਹੈ। ਮਾਇਆਵਤੀ ਨੇ ਕਿਹਾ—ਬਹੁਜਨਾਂ ਦੇ ਅੰਬੇਡਕਰਵਾਦੀ ਕਾਰਵਾਂ ਨੂੰ ਕਮਜ਼ੋਰ ਕਰਨ ਦੀਆਂ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਨੂੰ ਅਸਫਲ ਕਰਨ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਤੇ ਕਾਂਸ਼ੀ ਰਾਮ ਵਾਂਗ ਮੇਰੀ ਜ਼ਿੰਦਗੀ ਆਖਰੀ ਸਾਹ ਤੱਕ ਬਸਪਾ ਦੇ ਆਤਮ-ਸਨਮਾਨ ਤੇ ਸਵਾਭੀਮਾਨ ਅੰਦੋਲਨ ਨੂੰ ਸਮਰਪਤ ਕਰਨ ਦਾ ਮੇਰਾ ਫੈਸਲਾ ਅਟੱਲ ਹੈ।

## ਦੋ ਦਲਿਤ ਕੁੜੀਆਂ ਦੀਆਂ ਦਰੱਖਤ ਨਾਲ ਲਟਕਦੀਆਂ ਲਾਸ਼ਾਂ ਮਿਲੀਆਂ

**ਲਖਨਊ** : ਯੂ ਪੀ ਦੇ ਫਰੂਖਾਬਾਦ ਜ਼ਿਲ੍ਹੇ ਵਿਚ ਮੰਗਲਵਾਰ 15 ਤੇ 18 ਸਾਲ ਦੀਆਂ ਦੋ ਦਲਿਤ ਕੁੜੀਆਂ ਦੀਆਂ ਲਾਸ਼ਾਂ ਦਰੱਖਤ ਨਾਲ ਲਟਕਦੀਆਂ ਮਿਲੀਆਂ। ਐੱਸ ਪੀ ਆਲੋਕ ਪ੍ਰਿਆਦਰਸ਼ੀ ਨੇ ਦੱਸਿਆ ਕਿ ਲਾਸ਼ਾਂ ਕਾਯਮਗੰਜ ਨੇੜੇ ਪਿੰਡ ਦੇ ਅੰਬਾਂ ਦੇ ਬਾਗ ਵਿਚ ਮਿਲੀਆਂ। ਦੋਨੋਂ ਕਰੀਬੀ ਸਹੇਲੀਆਂ ਸਨ। ਇਕ ਲਾਸ਼ ਦੁਪੱਟੇ ਦੇ ਇਕ ਛੋਰ ਤੇ ਦੂਜੀ ਦੂਜੇ ਛੋਰ ਨਾਲ ਲਟਕ ਰਹੀ ਸੀ। ਜਾਪਦਾ ਹੈ ਕਿ ਉਨ੍ਹਾਂ ਖੁਦਕੁਸ਼ੀ ਕੀਤੀ, ਫਿਰ ਵੀ ਜਾਂਚ ਕੀਤੀ ਜਾ ਰਹੀ ਹੈ। ਉਹ ਸੋਮਵਾਰ ਰਾਤ ਜਨਮ ਅਸ਼ਟਮੀ 'ਤੇ ਸ੍ਰੀ ਕ੍ਰਿਸ਼ਨਾ ਮੰਦਰ ਗਈਆਂ ਸਨ ਤੇ ਘਰ ਨਹੀਂ ਪਰਤੀਆਂ। ਦਰੱਖਤ ਕੋਲ ਇਕ ਮੋਬਾਈਲ ਫੋਨ ਤੇ ਸਿਮ ਕਾਰਡ ਮਿਲਿਆ ਹੈ। ਇਕ ਕੁੜੀ ਦੇ ਪਿਓ ਨੇ ਕਿਹਾ ਕਿ ਕੁੜੀਆਂ ਦੀ ਹੱਤਿਆ ਕੀਤੀ ਗਈ ਹੈ। ਉਹ ਪਹਿਲਾਂ ਸਾਢੇ ਸੱਤ ਵਜੇ ਮੰਦਰ ਗਈਆਂ ਸਨ ਤੇ ਮੁੜ ਆਈਆਂ ਸਨ। ਨੌਂ ਵਜੇ ਫਿਰ ਮੰਦਰ ਗਈਆਂ।

## ਮੈਨੂੰ ਕੁਝ ਹੋਇਆ ਤਾਂ ਸੈਨਾ ਮੁਖੀ ਤੇ ਆਈ ਐੱਸ ਆਈ ਜ਼ਿੰਮੇਵਾਰ ਹੋਣਗੇ : ਇਮਰਾਨ

**ਇਸਲਾਮਾਬਾਦ** : ਪਾਕਿਸਤਾਨ ਦੇ ਜੇਲਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਮੰਗਲਵਾਰ ਦੁਹਰਾਇਆ ਕਿ ਉਨ੍ਹਾ ਦੀ ਹਾਲਤ ਲਈ ਫੌਜ ਅਤੇ ਆਈ ਐੱਸ ਆਈ ਜ਼ਿੰਮੇਵਾਰ ਹਨ। ਉਨ੍ਹਾ ਆਪਣੀ ਜਾਨ ਨੂੰ ਖਤਰਾ ਵੀ ਜਤਾਇਆ ਹੈ।



ਉਨ੍ਹਾ ਐਕਸ 'ਤੇ ਪੋਸਟ 'ਚ ਕਿਹਾ—ਮੇਰੀ ਕੈਦ ਨਾਲ ਜੁੜੇ ਸਾਰੇ ਪ੍ਰਸ਼ਾਸਨਕ ਮਾਮਲਿਆਂ ਨੂੰ ਆਈ ਐੱਸ ਆਈ ਕੰਟਰੋਲ ਕਰਦੀ ਹੈ। ਮੈਂ ਫਿਰ ਕਹਿ ਰਿਹਾ ਹਾਂ ਕਿ ਜੇਕਰ ਮੈਨੂੰ ਕੁਝ ਹੋਇਆ ਤਾਂ ਆਰਮੀ ਚੀਫ ਅਤੇ ਡੀ ਜੀ ਆਈ ਐੱਸ ਆਈ ਜ਼ਿੰਮੇਵਾਰ ਹੋਣਗੇ। ਦੋ ਦਿਨ ਪਹਿਲਾਂ ਪਾਕਿਸਤਾਨ ਸਰਕਾਰ ਨੇ ਕਿਹਾ ਸੀ ਕਿ ਪਿਛਲੇ ਸਾਲ 9 ਮਈ ਨੂੰ ਹੋਈ ਹਿੰਸਾ ਦੇ ਮਾਮਲੇ 'ਚ ਇਮਰਾਨ ਖਾਨ ਦੇ ਖਿਲਾਫ ਮਾਮਲਾ ਫੌਜੀ ਅਦਾਲਤ 'ਚ ਜਾ ਸਕਦਾ ਹੈ। ਇਮਰਾਨ ਖਾਨ ਨੇ ਸਰਕਾਰ ਦੇ ਬਿਆਨ ਤੋਂ ਬਾਅਦ ਇਹ ਟਿੱਪਣੀ ਕੀਤੀ ਹੈ। ਇਮਰਾਨ ਖਾਨ ਨੇ ਬੰਗਲਾਦੇਸ਼ ਦੀ ਸਥਿਤੀ ਦਾ ਵੀ ਜ਼ਿਕਰ ਕੀਤਾ। ਉਨ੍ਹਾ ਕਿਹਾ ਕਿ ਪਸ਼ੂਆਂ ਨੂੰ ਮਨਚਾਹੀ ਦਿਸ਼ਾ 'ਚ ਲਿਜਾਇਆ ਜਾ ਸਕਦਾ ਹੈ। ਇਨਸਾਨਾਂ ਨੂੰ ਨਹੀਂ। ਸੈਨਾ ਮੁਖੀ, ਚੀਫ ਜਸਟਿਸ ਅਤੇ ਪੁਲਸ ਮੁਖੀ ਸਾਰੇ ਸ਼ੇਖ ਹਸੀਨਾ ਦੇ ਵਫਾਦਾਰ ਸਨ, ਪਰ ਜਦੋਂ ਲੋਕ ਸੜਕਾਂ 'ਤੇ ਉਤਰੇ ਤਾਂ ਆਪਣਾ ਹੱਕ ਜਿੱਤ ਲਿਆ।

## ਬਿੱਟੂ ਬਿਨਾਂ ਮੁਕਾਬਲਾ ਰਾਜ ਸਭਾ ਮੈਂਬਰ ਚੁਣੇ ਗਏ



**ਨਵੀਂ ਦਿੱਲੀ** : ਕੇਂਦਰੀ ਰਾਜ ਮੰਤਰੀ ਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਰਾਜਸਥਾਨ ਤੋਂ ਰਾਜ ਸਭਾ ਚੋਣ ਬਿਨਾਂ ਮੁਕਾਬਲਾ ਜਿੱਤ ਗਏ। ਮੰਗਲਵਾਰ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ ਸੀ। ਤਿੰਨ ਉਮੀਦਵਾਰਾਂ ਨੇ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਸਨ। ਆਜ਼ਾਦ ਉਮੀਦਵਾਰ ਬਬੀਤਾ ਵਾਧਵਾਨੀ ਦੇ ਕਾਗਜ਼ 22 ਅਗਸਤ ਨੂੰ ਪੜਤਾਲ ਦੌਰਾਨ ਰੱਦ ਕਰ ਦਿੱਤੇ ਗਏ ਸਨ। ਭਾਜਪਾ ਦੇ ਡੰਮੀ ਉਮੀਦਵਾਰ ਸੁਨੀਲ ਕੋਠਾਰੀ ਨੇ ਸ਼ੁੱਕਰਵਾਰ ਕਾਗਜ਼ ਵਾਪਸ ਵਾਪਸ ਲੈ ਲਏ ਸਨ। ਇਸ ਤੋਂ ਬਾਅਦ ਬਿੱਟੂ ਹੀ ਰਹਿ ਗਏ ਸਨ। ਕਾਂਗਰਸ ਨੇ ਉਮੀਦਵਾਰ ਖੜ੍ਹਾ ਨਹੀਂ ਕੀਤਾ ਸੀ। ਇਹ ਸੀਟ ਕਾਂਗਰਸ ਦੇ ਕੇ ਸੀ ਵੇਣੂਗੋਪਾਲ ਵੱਲੋਂ ਲੋਕ ਸਭਾ ਚੋਣ ਜਿੱਤਣ ਤੋਂ ਬਾਅਦ ਰਾਜ ਸਭਾ ਮੈਂਬਰ ਦੇ ਅਹੁਦੇ ਤੋਂ ਅਸਤੀਫਾ ਦੇਣ ਕਾਰਨ ਖਾਲੀ ਹੋਈ ਸੀ। ਬਿੱਟੂ ਤੋਂ ਇਲਾਵਾ ਹਰਿਆਣਾ 'ਚ ਕਿਰਨ ਚੌਧਰੀ, ਬਿਹਾਰ 'ਚ ਉਪੇਂਦਰ ਕੁਸ਼ਵਾਹਾ, ਮਨਨ ਮਿਸ਼ਰਾ ਅਤੇ ਮੱਧ ਪ੍ਰਦੇਸ ਤੋਂ ਭਾਜਪਾ ਆਗੂ ਜਾਰਜ ਕੁਰੀਅਨ ਵੀ ਬਿਨਾਂ ਮੁਕਾਬਲਾ ਜੇਤੂ ਰਹੇ ਹਨ।

## ਕੋਲਕਾਤਾ 'ਚ ਲਾਠੀਚਾਰਜ

**ਕੋਲਕਾਤਾ** : ਮੰਗਲਵਾਰ ਇੱਥੇ ਵਿਦਿਆਰਥੀਆਂ ਦੀ ਰੈਲੀ ਦੌਰਾਨ ਪੁਲਸ ਨੇ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਵਰ੍ਹਾਏ। ਪ੍ਰਦਰਸ਼ਨਕਾਰੀਆਂ ਤੇ ਪੁਲਸ ਵਿਚਾਲੇ ਝੜਪ ਵੀ ਹੋਈ। ਵਿਦਿਆਰਥੀ ਸੰਗਠਨ ਪੱਛਿਮ ਬੰਗ ਛਾਤਰ ਸਮਾਜ ਅਤੇ ਸੰਗਰਾਮੀ ਯੁਵਾ ਮੰਚ 'ਨਬੰਨਾ ਅਭਿਜਨ' ਰੈਲੀ ਦਾ ਐਲਾਨ ਕੀਤਾ ਸੀ, ਜਦਕਿ ਪ੍ਰਸ਼ਾਸਨ ਨੇ ਇਸ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ। ਸੂਬਾ ਸਕੱਤਰੇਤ ਤੱਕ ਕੱਢੀ ਜਾ ਰਹੀ ਰੈਲੀ ਦੀਆਂ ਮੁੱਖ ਮੰਗਾਂ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਅਸਤੀਫਾ ਅਤੇ ਆਰ ਜੀ ਕਰ ਮੈਡੀਕਲ ਕਾਲਜ ਤੇ ਹਸਪਤਾਲ 'ਚ ਡਾਕਟਰ ਨਾਲ ਕਥਿਤ ਬਲਾਤਕਾਰ ਤੇ ਕਤਲ 'ਚ ਸ਼ਾਮਲ ਵਿਅਕਤੀਆਂ ਦੀ ਗ੍ਰਿਫਤਾਰੀ ਸਨ। ਸ਼ਹਿਰ 'ਚ 6 ਹਜ਼ਾਰ ਪੁਲਸ ਕਰਮਚਾਰੀਆਂ ਤੋਂ ਇਲਾਵਾ ਜਲ ਤੋਪਾਂ ਤਾਇਨਾਤ ਕੀਤੀਆਂ ਗਈਆਂ ਸਨ। ਪੱਛਿਮ ਬੰਗ ਵਿਦਿਆਰਥੀ ਸਮਾਜ ਗੈਰ-ਰਜਿਸਟਰਡ ਵਿਦਿਆਰਥੀ ਸਮੂਹ ਹੈ, ਜਦੋਂ ਕਿ ਸੰਗਰਾਮੀ ਯੁਵਾ ਮੰਚ ਰਾਜ ਸਰਕਾਰ ਦੇ ਕਰਮਚਾਰੀਆਂ ਦੀ ਨੁਮਾਇੰਦਗੀ ਕਰਦਾ ਹੈ, ਜੋ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਬਰਾਬਰ ਮਹਿੰਗਾਈ ਭੱਤੇ ਦੀ ਮੰਗ ਕਰਦਾ ਹੈ।

## ਕੰਗਣਾ ਦੇ ਬਿਆਨ 'ਤੇ ਹਿਮਾਚਲ ਅਸੰਬਲੀ 'ਚ ਹੰਗਾਮਾ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੀ ਸ਼ੁਰੂਆਤ ਮੰਗਲਵਾਰ ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਣਾ ਰਣੌਤ ਵੱਲੋਂ ਕਿਸਾਨ ਅੰਦੋਲਨ ਬਾਰੇ ਕਥਿਤ ਟਿੱਪਣੀ ਕਾਰਨ ਪਏ ਰੌਲੇ-ਰੱਪੇ ਨਾਲ ਹੋਈ। ਇਸ ਦੌਰਾਨ ਸੱਤਾਧਾਰੀ ਤੇ ਵਿਰੋਧੀ ਧਿਰ ਭਾਜਪਾ ਵਿਚਾਲੇ ਤਿੱਖੀ ਬਹਿਸ ਹੋਈ। ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਕਾਨੂੰਨ ਤੇ ਵਿਵਸਥਾ ਦੇ ਮੁੱਦੇ 'ਤੇ ਚਰਚਾ ਦੀ ਮੰਗ ਕੀਤੀ। ਹੰਗਾਮੇ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਕਰਦਿਆਂ ਵਾਕਆਊਟ ਕਰ ਦਿੱਤਾ। ਸੰਸਦੀ ਮਾਮਲਿਆਂ ਬਾਰੇ ਮੰਤਰੀ ਹਰਸ਼ਵਰਧਨ ਚੌਹਾਨ ਨੇ ਕੰਗਣਾ ਦੀ ਟਿੱਪਣੀ ਦੀ ਨਿੰਦਾ ਕਰਨ ਵਾਲਾ ਮਤਾ ਪੇਸ਼ ਕਰਦਿਆਂ ਕਿਹਾ-ਕੰਗਣਾ ਦੀ ਟਿੱਪਣੀ ਪੂਰੇ ਦੇਸ਼ ਦੇ ਕਿਸਾਨਾਂ ਦਾ ਅਪਮਾਨ ਹੈ। ਵਿਰੋਧੀ ਧਿਰ ਸਦਨ ਤੋਂ ਬਾਹਰ ਹੋ ਗਈ ਹੈ, ਪਰ ਅਸੀਂ ਇਸ ਮੁੱਦੇ 'ਤੇ ਭਾਜਪਾ ਦਾ ਸਟੈਂਡ ਜਾਣਨਾ ਚਾਹੁੰਦੇ ਹਾਂ। ਕਿਸਾਨਾਂ ਨੂੰ ਬਲਾਤਕਾਰੀ ਅਤੇ ਅੱਤਵਾਦੀ ਕਹਿਣਾ ਮੰਦਭਾਗਾ ਹੈ। ਸਦਨ ਨੂੰ ਇਸ 'ਤੇ ਬਹਿਸ ਕਰਨੀ ਚਾਹੀਦੀ ਹੈ ਅਤੇ ਕਿਸਾਨਾਂ ਵਿਰੁੱਧ ਇਸ ਤਰ੍ਹਾਂ ਦੀਆਂ ਇਤਰਾਜ਼ਯੋਗ ਟਿੱਪਣੀਆਂ ਦੀ ਨਿੰਦਾ ਕਰਨੀ ਚਾਹੀਦੀ ਹੈ।

ਵਿਰੋਧੀ ਧਿਰ ਦੇ ਵਾਕਆਊਟ ਤੋਂ ਬਾਅਦ ਸਦਨ 'ਚ ਉਸ ਦੀ ਵਾਪਸੀ ਮਗਰੋਂ ਹਰਸ਼ਵਰਧਨ ਨੇ ਕੰਗਣਾ ਦੀ ਟਿੱਪਣੀ 'ਤੇ ਭਾਜਪਾ ਦਾ ਸਟੈਂਡ ਸਪੱਸ਼ਟ ਕਰਨ ਲਈ ਕਿਹਾ। ਵਿਰੋਧੀ ਧਿਰ ਦੇ ਨੇਤਾ ਠਾਕੁਰ ਨੇ ਕਿਹਾ-ਸਾਡੀ ਪਾਰਟੀ ਪਹਿਲਾਂ ਹੀ ਇਸ ਦੀ ਨਿੰਦਾ ਕਰ ਚੁੱਕੀ ਹੈ। ਇਸ ਲਈ ਇਸ ਨੂੰ ਸਦਨ 'ਚ ਨਹੀਂ ਉਠਾਉਣਾ ਚਾਹੀਦਾ। ਇਸ ਦਾ ਸਿਆਸੀਕਰਨ ਨਹੀਂ ਕੀਤਾ ਜਾਣਾ ਚਾਹੀਦਾ।

## ਦਾਤੀ ਮਾਰਨ 'ਤੇ ਮਾਂ ਖਿਲਾਫ ਕੇਸ

**ਇੰਦੌਰ** : ਮੱਧ ਪ੍ਰਦੇਸ਼ ਦੇ ਇੰਦੌਰ ਜ਼ਿਲ੍ਹੇ 'ਚ 13 ਸਾਲਾ ਮੁੰਡੇ ਨੇ ਆਪਣੀ ਮਾਂ 'ਤੇ ਦਾਤੀ ਨਾਲ ਹਮਲਾ ਕਰਨ ਦਾ ਦੋਸ਼ ਲਗਾਉਂਦੇ ਹੋਏ ਮਾਮਲਾ ਦਰਜ ਕਰਵਾਇਆ ਹੈ। ਅੱਠਵੀਂ ਦੇ ਵਿਦਿਆਰਥੀ ਨੇ ਐੱਫ ਆਈ ਆਰ ਦਰਜ ਕਰਵਾਈ ਹੈ ਕਿ 25 ਅਗਸਤ (ਐਤਵਾਰ) ਨੂੰ ਉਸ ਦੀ ਮਾਂ ਨੇ ਉਸ 'ਤੇ ਦਾਤੀ ਨਾਲ ਉਦੋਂ ਹਮਲਾ ਕਰ ਦਿੱਤਾ, ਜਦੋਂ ਉਹ ਆਪਣੇ ਸਕੂਲ ਤੋਂ ਆਉਣ ਵਾਲੇ ਮੈਸੇਜ ਦੇਖਣ ਲਈ ਮਾਂ ਦਾ ਫੋਨ ਦੇਖ ਰਿਹਾ ਸੀ। ਮਾਂ ਨੇ ਉਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ ਤੇ ਕਿਹਾ ਕਿ ਉਸ ਨੇ ਉਸ ਦੇ ਮੋਬਾਈਲ ਨੂੰ ਕਿਉਂ ਹੱਥ ਲਾਇਆ। ਮੁੰਡੇ ਨੇ ਇਹ ਵੀ ਦੋਸ਼ ਲਾਇਆ ਹੈ ਕਿ ਲੜਾਈ ਦੌਰਾਨ ਮਾਂ ਨੇ ਨੇੜੇ ਪਈ ਦਾਤੀ ਚੁੱਕ ਕੇ ਉਸ 'ਤੇ ਹਮਲਾ ਕਰ ਦਿੱਤਾ ਅਤੇ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਉਸ ਦੇ ਖੱਬੇ ਹੱਥ 'ਤੇ ਸੱਟ ਲੱਗ ਗਈ। ਪੁਲਸ ਨੇ ਭਾਰਤੀ ਨਿਆਂ ਸੰਹਿਤਾ ਦੀਆਂ ਸੰਬੰਧਤ ਧਾਰਾਵਾਂ ਦੇ ਤਹਿਤ ਮਾਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਬੱਚੇ ਦੀ ਮੈਡੀਕਲ ਜਾਂਚ ਵੀ ਕਰਵਾਈ ਗਈ ਹੈ। ਇਸ ਵੇਲੇ ਬੱਚਾ ਦਾਦਾ-ਦਾਦੀ ਕੋਲ ਰਹਿ ਰਿਹਾ ਹੈ ਤੇ ਪੁਲਸ ਨੇ ਫਿਲਹਾਲ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ।

## ਕਵਿਤਾ ਦੀ ਜ਼ਮਾਨਤ ਹੋ ਗਈ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਦਿੱਲੀ ਆਬਕਾਰੀ ਨੀਤੀ ਮਾਮਲੇ 'ਚ ਬੀ ਆਰ ਐੱਸ ਨੇਤਾ ਕੇ ਕਵਿਤਾ ਨੂੰ ਜ਼ਮਾਨਤ ਦੇ ਦਿੱਤੀ। ਇਸ ਤੋਂ ਪਹਿਲਾਂ ਅਦਾਲਤ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਅਤੇ ਸੀ ਬੀ ਆਈ ਨੂੰ ਪੁੱਛਿਆ ਕਿ ਉਨ੍ਹਾਂ ਕੋਲ ਇਹ ਸਾਬਤ ਕਰਨ ਲਈ ਕੀ 'ਸਮੱਗਰੀ' ਹੈ ਕਿ ਕਵਿਤਾ ਘਪਲੇ 'ਚ ਸ਼ਾਮਲ ਸੀ। ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ ਵੀ ਵਿਸ਼ਵਨਾਥਨ ਦੀ ਬੈਂਚ ਕਥਿਤ ਘਪਲੇ



ਨਾਲ ਸੰਬੰਧਤ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਮਾਮਲਿਆਂ 'ਚ ਜ਼ਮਾਨਤ ਦੀ ਮੰਗ ਕਰਨ ਵਾਲੀਆਂ ਭਾਰਤ ਰਾਸ਼ਟਰ ਸਮਿਤੀ (ਬੀ ਆਰ ਐੱਸ) ਨੇਤਾ ਦੀਆਂ ਪਟੀਸ਼ਨਾਂ ਦੀ ਸੁਣਵਾਈ ਕਰ ਰਹੀ ਸੀ। ਸੀ ਬੀ ਆਈ ਅਤੇ ਈ ਡੀ ਇਨ੍ਹਾਂ ਮਾਮਲਿਆਂ ਦੀ ਜਾਂਚ ਕਰ ਰਹੇ ਹਨ। ਕਵਿਤਾ ਵੱਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਜ਼ਮਾਨਤ ਦੀ ਬੇਨਤੀ ਕਰਦਿਆਂ ਕਿਹਾ ਕਿ ਉਸ ਦੇ ਮੁਵੱਕਿਲ ਖਿਲਾਫ ਦੋਵੇਂ ਏਜੰਸੀਆਂ ਵੱਲੋਂ ਜਾਂਚ ਪੂਰੀ ਕਰ ਲਈ ਗਈ ਹੈ।

## ਅੱਜ-ਨਾਮਾ

ਡਾਕਟਰ ਭਾਰਤ ਦੇ ਬਹੁਤ ਕਮਾਲ ਬੇਲੀ,
ਪੂਰੇ ਵਿਸ਼ਵ ਵਿੱਚ ਮਾਣ-ਸਨਮਾਨ ਬੇਲੀ।
ਆਖਰੀ ਦਮਾਂ ਤੱਕ ਪਹੁੰਚਿਆ ਹੋਏ ਬੰਦਾ,
ਕਰਨ ਜਦ ਯਤਨ ਬਚਾ ਲੈਣ ਜਾਨ ਬੇਲੀ।
ਭੁੱਲ ਤਾਂ ਕਿਸੇ ਤੋਂ ਕਦੀ ਕੋਈ ਹੋ ਸਕਦੀ,
ਸਭ ਨੂੰ ਇਹਦਾ ਵੀ ਕੁੱਲ ਗਿਆਨ ਬੇਲੀ।
ਫਿਰ ਵੀ ਕਦੇ ਉਹ ਕਰਨ ਜਦ ਬੇਵਕੂਫੀ,
ਸ਼ਰਮਸਾਰ ਹੁੰਦਾ ਤਦ ਹਿੰਦੁਸਤਾਨ ਬੇਲੀ।
ਫਿਰ ਇੱਕ ਕੇਸ ਭੋਪਾਲ ਵਿੱਚ ਇੰਜ ਕੀਤਾ,
ਦਿੱਤਾ ਈ ਡਾਕਟਰ ਨੇ ਕੰਮ ਵਿਗਾੜ ਬੇਲੀ।
ਜਵਾਨ ਕਿਸਾਨ ਦੀ ਅੱਖ ਦੇ ਵਿੱਚ ਉਸ ਨੇ,
ਛੱਡਿਆ ਲੈਨਜ਼ ਖਰਾਬ ਪਿਆ ਚਾੜ੍ਹ ਬੇਲੀ।

-ਤੀਸ ਮਾਰ ਖਾਂ

# ਜ਼ੋਰਦਾਰ ਸਿਆਸੀ ਝਟਕੇ ਦੇ ਬਾਵਜੂਦ ਭਾਜਪਾ ਨੇ ਖਤਰਨਾਕ ਇਰਾਦੇ ਤਿਆਗੇ ਨਹੀਂ : ਬਰਾੜ

**ਸ਼ਾਹਕੋਟ, (ਗਿਆਨ ਸੈਦਪੁਰੀ)**-'ਲੰਘੀਆਂ ਲੋਕ ਸਭਾਵੀ ਚੋਣਾਂ ਵਿੱਚ ਬਣੇ 'ਇੰਡੀਆ ਗੱਠਜੋੜ', ਜਿਸ ਵਿੱਚ ਕਮਿਊਨਿਸਟ ਪਾਰਟੀਆਂ ਦੀ ਅਹਿਮ ਭੂਮਿਕਾ ਰਹੀ, ਵੱਲੋਂ ਵਿਖਾਈ ਚੰਗੀ ਕਾਰਗੁਜ਼ਾਰੀ ਕਾਰਨ ਦੇਸ਼ ਵਿੱਚ ਤਾਨਾਸ਼ਾਹੀ ਨੂੰ ਅੱਗੇ ਵਧਣ ਤੋਂ ਤਾਂ ਬੇਸ਼ੱਕ ਰੋਕ ਦਿੱਤਾ ਗਿਆ, ਪਰ ਭਾਜਪਾ ਦਾ ਨਾ ਤਾਂ ਫਿਰਕੂ ਡੰਗ ਮੱਠਾ ਪਿਆ ਹੈ ਤੇ ਨਾ ਹੀ ਉਹ ਆਪਣੇ ਪੂੰਜੀਪਤੀ ਮਿੱਤਰਾਂ ਨੂੰ ਰਿਝਾਉਣ ਤੋਂ ਪਿੱਛੇ ਹਟੀ ਹੈ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕੀਤਾ। ਉਹ ਪਾਰਟੀ ਦਫ਼ਤਰ ਜਲੰਧਰ ਵਿੱਚ ਜ਼ਿਲ੍ਹੇ ਦੀ ਕਾਰਜਕਾਰਨੀ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ 9-10 ਅਗਸਤ ਨੂੰ ਸੀ ਪੀ ਆਈ ਦੀ ਸੂਬਾ ਕੌਂਸਲ ਦੀ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਵਿੱਚ ਹੋਏ ਵਿਚਾਰ-ਵਟਾਂਦਰੇ ਅਤੇ ਲਏ ਗਏ ਫੈਸਲਿਆ ਦੇ ਸੰਦਰਭ ਵਿੱਚ ਗੱਲ ਕਰਦਿਆਂ ਕਿਹਾ ਕਿ ਜੇਕਰ ਭਾਜਪਾ ਆਪਣੇ ਬਲਬੂਤੇ 'ਤੇ ਸੱਤਾ 'ਤੇ ਕਾਬਜ਼ ਹੋਣ ਵਿੱਚ ਸਫਲ ਹੋ ਜਾਂਦੀ ਤਾਂ ਮੁਲਕ ਵਿੱਚ ਅਰਾਜਕਤਾ ਦਾ ਫੈਲਾਅ ਹੋ ਜਾਣਾ ਸੀ। ਸਾਥੀ ਬਰਾੜ ਨੇ ਕਿਹਾ ਕਿ ਬਿਹਾਰ ਅਤੇ

### ਮਾਰਕਸਵਾਦ-ਲੈਨਿਨਵਾਦ ਦੀ ਸਿਧਾਂਤਕ ਸਿੱਖਿਆ ਲਈ ਸਕੂਲ ਲਾਵਾਂਗੇ



ਆਂਧਰਾ ਪ੍ਰਦੇਸ਼ ਦੀਆਂ 'ਫੌੜ੍ਹੀਆਂ' ਦੇ ਸਹਾਰੇ ਸੱਤਾ ਦੀ 'ਪੌੜੀ' ਤੱਕ ਪਹੁੰਚੀ ਭਾਜਪਾ ਨੇ ਆਪਣੇ ਖਤਰਨਾਕ ਇਰਾਦਿਆਂ ਦਾ ਤਿਆਗ ਨਹੀ ਕੀਤਾ।

ਸੂਬਾ ਸਕੱਤਰ ਨੇ ਇਸ ਗੱਲ 'ਤੇ ਤਸੱਲੀ ਪ੍ਰਗਟ ਕੀਤੀ ਕਿ ਸੰਵਿਧਾਨ ਨੂੰ ਬਦਲ ਦੇਣ ਅਤੇ ਹਿੰਦੂਤਵ ਦੇ ਐਲਾਨਾਂ, ਬਿਆਨਾਂ ਨੂੰ ਦੇਸ਼ ਦੇ ਲੋਕਾਂ ਨੇ ਰੱਦ ਕਰ ਦਿੱਤਾ ਹੈ। ਇਸ ਦੇ ਬਾਵਜੂਦ ਆਰ ਐੱਸ ਐੱਸ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚੱਲ ਰਹੀ ਭਾਜਪਾ ਨੇ ਫਿਰਕੂ ਧਰੁਵੀਕਰਨ ਅਤੇ ਪੂੰਜੀਪਤੀ ਪੱਖੀ ਨੀਤੀਆਂ ਦੇ ਸਿਲਸਿਲੇ ਨੂੰ ਜਾਰੀ ਰੱਖਿਆ ਹੋਇਆ ਹੈ। ਇਸੇ ਤਹਿਤ ਤਿੰਨ ਨਵੇਂ ਫੌਜਦਾਰੀ ਕਾਨੂੰਨ ਲਾਗੂ ਕਰਕੇ ਪੁਲਸੀਆ ਰਾਜ ਕਾਇਮ ਕਰਨ ਵੱਲ ਕਦਮ ਪੁੱਟਿਆ ਹੈ। ਮੁਸਲਮਾਨ ਅਤੇ ਦਲਿਤ ਤਾਂ ਹਮੇਸ਼ਾ ਭਾਜਪਾ ਦੇ ਨਿਸ਼ਾਨੇ 'ਤੇ ਰਹੇ ਹਨ, ਹੁਣ ਬਾਕੀ ਘੱਟ ਗਿਣਤੀਆਂ 'ਤੇ ਵੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਵਕਫ ਬੋਰਡ ਨੂੰ ਬਦਲਣ ਲਈ ਸਰਕਾਰ ਕਾਹਲੀ ਪਈ ਹੋਈ ਹੈ। ਕਿਹਾ ਇਹ ਜਾ ਰਿਹਾ ਹੈ ਕਿ ਬੋਰਡ ਵਿੱਚ ਗੈਰ-ਮੁਸਲਿਮ ਵੀ ਸ਼ਾਮਿਲ ਕਰਨੇ ਹਨ।

ਉਹਨਾ ਕਿਹਾ ਕਿ ਦੇਸ਼ ਵਿੱਚ ਵਿਰੋਧੀ ਧਿਰ ਤਾਕਤਵਰ ਹੋਈ ਹੈ, ਜੋ ਸਿਹਤਮੰਦ ਰੁਝਾਨ ਹੈ। ਉਹਨਾ ਕਿਹਾ ਕਿ ਕਾਂਗਰਸੀਆਂ ਦਾ ਵਿਹਾਰ ਨਹਿਰੂ ਵੇਲੇ ਦੀ ਕਾਂਗਰਸ ਵਾਲਾ ਤਾਂ ਨਹੀਂ, ਪਰ ਰਾਹੁਲ ਗਾਂਧੀ ਠੀਕ ਸੇਧ ਵੱਲ ਵਧ ਰਿਹਾ ਹੈ, ਉਹ ਖੱਬੀਆਂ ਧਿਰਾਂ ਦਾ ਸਲੋਗਨ ਵੀ ਲੈ ਰਿਹਾ ਹੈ।

ਸੂਬਾ ਸਕੱਤਰ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ ਕਿ ਸੂਬਾ ਕੌਂਸਲ ਦੀ ਮੀਟਿੰਗ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਪਾਰਟੀ ਦੀ ਤਾਕਤ ਵਿੱਚ ਆਈ ਕਮਜ਼ੋਰੀ ਨੂੰ ਦੂਰ ਕੀਤਾ ਜਾਵੇਗਾ। ਪਾਰਟੀ ਵਿੱਚ ਹੇਠਲੇ ਪੱਧਰ ਤੋਂ ਲੈ ਕੇ ਉਪਰ ਤੱਕ ਮਾਰਕਸਵਾਦ-ਲੈਨਿਨਵਾਦ ਦੀ ਸਿਧਾਂਤਕ ਸਿੱਖਿਆ ਪਾਰਟੀ ਸਕੂਲਾਂ ਰਾਹੀਂ ਦਿੱਤੀ ਜਾਵੇਗੀ। ਉਨ੍ਹਾ ਦੱਸਿਆ ਕਿ ਸੂਬਾ ਕੌਂਸਲ ਨੇ ਫੈਸਲਾ ਕੀਤਾ ਹੈ ਕਿ ਅਗਸਤ ਤੋਂ ਲੈ ਕੇ ਦਸੰਬਰ ਦੇ ਆਰੰਭ ਤੱਕ ਪੰਜਾਬ ਦੇ ਭਖਦੇ ਮੁੱਦਿਆਂ 'ਤੇ ਜ਼ੋਰਦਾਰ ਮੁਹਿੰਮ ਚਲਾਈ ਜਾਵੇਗੀ। ਇਹਨਾਂ ਮੁੱਦਿਆਂ ਵਿੱਚ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪਾਣੀਆਂ ਦੀ ਗੰਭੀਰ ਸਥਿਤੀ, ਲੱਕ ਤੋੜਵੀਂ ਮਹਿੰਗਾਈ, ਬੇਰੁਜ਼ਗਾਰੀ, ਵਿਦਿਆ, ਸਿਹਤ ਸੇਵਾਵਾਂ, ਹੈਂਡ ਵਰਕਸ ਦੀ ਮਾਲਕੀ ਪੰਜਾਬ ਨੂੰ ਦੇਣ, ਸਨਅਤੀ ਸਹੂਲਤਾਂ ਵਿੱਚ ਵਿਤਕਰਾ, ਖੇਤੀ ਜਿਨਸਾਂ ਦੇ ਲਾਹੇਵੰਦ ਭਾਅ ਅਤੇ ਘੱਟੋ-ਘੱਟ ਸਮਰਥਨ ਮੁੱਲ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਕਰਜ਼ਿਆਂ ਦੀ ਮੁਆਫ਼ੀ, ਮਨਰੇਗਾ ਵਿੱਚ 200 ਦਿਨ ਕੰਮ, ਠੇਕੇਦਾਰੀ ਸਿਸਟਮ ਬੰਦ ਕਰਨਾ, ਪੁਰਾਣੀ ਪੈਨਸ਼ਨ ਦੀ ਬਹਾਲੀ, ਤਿੰਨ ਕਾਲੇ ਫੌਜਦਾਰੀ ਕਾਨੂੰਨਾਂ ਦੀ ਵਾਪਸੀ, ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਸਮੇਤ ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਨੂੰ ਵਿਸ਼ੇਸ਼ ਪੈਕੇਜ ਪ੍ਰਦਾਨ ਕਰਨਾ, ਗੈਂਗਸਟਰਾਂ ਦੀਆਂ ਹਿੰਸਾਤਮਕ ਕਾਰਵਾਈਆਂ, ਰੇਤ, ਬੱਜਰੀ ਦੇ ਕਾਲਾ ਬਾਜ਼ਾਰ ਤੋਂ ਇਲਾਵਾ ਹੋਰ ਸਥਾਨਕ ਮੁੱਦੇ ਵੀ ਸ਼ਾਮਲ ਹੋਣਗੇ। ਸਿਕੰਦਰ ਸੰਧੂ ਦੀ ਪ੍ਰਧਾਨਗੀ ਵਿੱਚ ਹੋਈ ਮੀਟਿੰਗ ਵਿੱਚ ਲੋਕ ਸਭਾਈ ਚੋਣਾਂ ਦੀ ਮੁੜ ਚਰਚਾ ਮੌਕੇ ਬੰਤ ਸਿੰਘ ਬਰਾੜ ਨੇ ਕਿਹਾ ਕਿ ਪੰਜਾਬ ਦੇ ਸੰਦਰਭ ਵਿੱਚ ਚੰਗਾ ਇਹ ਹੋਇਆ ਕਿ ਭਾਜਪਾ ਨੂੰ ਇੱਕ ਵੀ ਸੀਟ ਨਹੀਂ ਮਿਲੀ ਤੇ ਚਿੰਤਾ ਦਾ ਵਿਸ਼ਾ ਇਹ ਬਣਿਆ ਕਿ ਦੋ ਬੰਦੇ ਰੈਡੀਕਲ ਧਿਰਾਂ ਨਾਲ ਸੰਬੰਧਤ ਸਫਲ ਹੋ ਗਏ। ਆਖਿਰ ਵਿੱਚ ਕਮਿਊਨਿਸਟ ਆਗੂ ਨੇ ਸੱਦਾ ਦਿੱਤਾ ਕਿ ਸੀ ਪੀ ਆਈ ਦਾ ਸਥਾਪਨਾ

ਬਾਕੀ ਸਫ਼ਾ 2 'ਤੇ

CMYK

28-Aug-PAGE-4-Advt.qxd 8/27/2024 11:03 PM Page 1

ਨਵਾਂ ਜ਼ਮਾਨਾ
ਬੁੱਧਵਾਰ, 28 ਅਗਸਤ 2024

# ਫਿਰ ਵਿਤਕਰਾ

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਲੱਦਾਖ 'ਚ ਪੰਜ ਨਵੇਂ ਜ਼ਿਲ੍ਹੇ ਬਣਾਉਣ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਇਹ ਜ਼ਿਲ੍ਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਸੋਚ ਤਹਿਤ ਬਣਾਏ ਜਾ ਰਹੇ ਹਨ। ਇਨ੍ਹਾਂ ਦੀਆਂ ਹੱਦਾਂ ਤੈਅ ਕਰਨ ਲਈ ਕਮੇਟੀ ਬਣਾਈ ਜਾਵੇਗੀ, ਜਿਹੜੀ ਤਿੰਨ ਮਹੀਨਿਆਂ 'ਚ ਰਿਪੋਰਟ ਦੇਵੇਗੀ। ਪ੍ਰਧਾਨ ਮੰਤਰੀ ਨੇ ਵੀ ਕਿਹਾ ਹੈ ਕਿ ਨਵੇਂ ਜ਼ਿਲ੍ਹੇ ਹੋਂਦ ਵਿਚ ਆਉਣ ਨਾਲ ਲੋਕਾਂ ਨੂੰ ਆਪਣੇ ਕੰਮ ਕਰਾਉਣ ਲਈ ਦੂਰ ਨਹੀਂ ਜਾਣਾ ਪਵੇਗਾ। ਇਸ ਤੋਂ ਪਹਿਲਾਂ ਮੋਦੀ ਸਰਕਾਰ ਨੇ ਜੰਮੂ-ਕਸ਼ਮੀਰ ਰਾਜ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਜੰਮੂ-ਕਸ਼ਮੀਰ ਅਤੇ ਲੱਦਾਖ ਦੋ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਦਿੱਤੇ ਸਨ। ਜੰਮੂ-ਕਸ਼ਮੀਰ ਦੀ ਅਸੰਬਲੀ ਤਾਂ ਬਹਾਲ ਰੱਖੀ, ਪਰ ਲੱਦਾਖ ਨੂੰ ਅਸੰਬਲੀ ਨਾ ਦੇ ਕੇ ਲੋਕਾਂ ਦੀ ਨੁਮਾਇੰਦਗੀ ਖਤਮ ਕਰ ਦਿੱਤੀ। ਹਾਲਾਂਕਿ ਲੱਦਾਖ ਦੇ ਲੋਕਾਂ ਨੇ ਸ਼ੁਰੂ ਵਿਚ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਦਾ ਸਵਾਗਤ ਕੀਤਾ ਸੀ, ਪਰ ਬਾਅਦ ਵਿਚ ਉਥੇ ਨੌਕਰਸ਼ਾਹੀ ਦੇ ਹਾਵੀ ਹੋਣ ਕਾਰਨ ਉਹ ਖਾਸੇ ਦੁਖੀ ਹਨ। ਪੰਜ ਨਵੇਂ ਜ਼ਿਲ੍ਹਿਆਂ ਦੀ ਬਣਤਰ 'ਤੇ ਵੀ ਉਹ ਬਹੁਤੇ ਖੁਸ਼ ਨਹੀਂ, ਕਿਉਂਕਿ ਇਨ੍ਹਾਂ ਵਿੱਚੋਂ ਚਾਰ ਬੋਧੀ ਬਹੁ-ਗਿਣਤੀ ਵਾਲੇ ਖੇਤਰਾਂ 'ਚ ਹੋਣਗੇ। ਪਹਿਲਾਂ ਕਾਰਗਿਲ ਤੇ ਲੇਹ ਦੋ ਜ਼ਿਲ੍ਹੇ ਸਨ। ਹੁਣ ਜ਼ਾਂਸਕਰ, ਦਰਾਸ, ਸ਼ਾਮ, ਨੁਬਰਾ ਤੇ ਚਾਂਗਥਾਂਗ ਹੋਰ ਜੁੜ ਜਾਣਗੇ। ਕਾਰਗਿਲ ਦੇ ਆਗੂ ਸੱਜਾਦ ਕਾਰਗਿਲੀ ਮੁਤਾਬਕ ਲੱਦਾਖ ਦੇ ਸਭ ਤੋਂ ਵੱਧ ਵਸੋਂ ਵਾਲੇ ਸੂਰੂ ਵਾਦੀ ਇਲਾਕੇ ਨੂੰ ਜ਼ਿਲ੍ਹਾ ਨਹੀਂ ਐਲਾਨਿਆ ਗਿਆ, ਜਦਕਿ ਉੱਥੇ 25 ਹਜ਼ਾਰ ਲੋਕ ਵਸਦੇ ਹਨ। ਇਸ ਦੀ ਮੰਗ ਵੀ ਕਾਫੀ ਸੀ। ਕੁਝ ਜ਼ਿਲ੍ਹੇ ਅਜਿਹੇ ਐਲਾਨੇ ਗਏ ਹਨ, ਜਿੱਥੋਂ ਦੀ ਆਬਾਦੀ ਮਸਾਂ 10 ਹਜ਼ਾਰ ਹੈ। ਇਸ ਤੋਂ ਇਲਾਵਾ ਮੁਸਲਮ ਬਹੁ-ਗਿਣਤੀ ਵਾਲੇ ਸਿਰਫ ਦੋ ਜ਼ਿਲ੍ਹੇ ਕਾਰਗਿਲ ਤੇ ਦਰਾਸ ਹੋਣਗੇ, ਜਦਕਿ ਪੰਜ ਜ਼ਿਲ੍ਹੇ ਬੋਧੀ ਬਹੁ-ਗਿਣਤੀ ਵਾਲੇ ਹੋਣਗੇ। 2011 ਦੀ ਮਰਦਮਸ਼ੁਮਾਰੀ ਮੁਤਾਬਕ ਲੱਦਾਖ ਦੀ ਆਬਾਦੀ 2 ਲੱਖ 77 ਹਜ਼ਾਰ ਸੀ। ਇਨ੍ਹਾਂ ਵਿੱਚੋਂ 47.4 ਫੀਸਦੀ ਮੁਸਲਮ ਤੇ 45.9 ਫੀਸਦੀ ਬੋਧੀ ਸਨ। ਕਾਰਗਿਲ ਦੀ ਆਬਾਦੀ ਇੱਕ ਲੱਖ 40 ਹਜ਼ਾਰ ਤੇ ਲੇਹ ਦੀ ਇੱਕ ਲੱਖ 37 ਹਜ਼ਾਰ ਸੀ। ਉਂਜ ਲੇਹ ਦਾ ਇਲਾਕਾ ਲੱਦਾਖ ਦੇ ਕੁਲ ਇਲਾਕੇ 59146 ਵਰਗ ਕਿੱਲੋਮੀਟਰ ਦਾ ਤਿੰਨ-ਚੁਥਾਈ ਤੋਂ ਵੱਧ ਹੈ। ਹਾਲਾਂਕਿ ਬੋਧੀਆਂ ਨੇ 2014 ਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਜਿਤਾਇਆ ਸੀ, ਪਰ ਲੱਦਾਖ ਨੂੰ ਵਿਸ਼ੇਸ਼ ਰੁਤਬੇ ਦੀ ਮੰਗ ਉੱਤੇ ਹੁਣ ਉਹ ਮੁਸਲਮਾਨਾਂ ਨਾਲ ਮਿਲ ਕੇ ਸੰਘਰਸ਼ ਕਰ ਰਹੇ ਹਨ। ਆਮ ਲੱਦਾਖੀ ਦੀ ਇਹ ਸੋਚ ਹੈ ਕਿ ਨਵੇਂ ਜ਼ਿਲ੍ਹੇ ਨੌਕਰਸ਼ਾਹੀ ਦਾ ਹੀ ਬੋਲਬਾਲਾ ਕਰਨਗੇ। ਜਦੋਂ ਤੱਕ ਅਸੰਬਲੀ ਨਹੀਂ ਮਿਲਦੀ ਅਤੇ ਨੌਕਰੀਆਂ ਤੇ ਜ਼ਮੀਨਾਂ ਸੁਰੱਖਿਅਤ ਨਹੀਂ ਰਹਿੰਦੀਆਂ, ਉਨ੍ਹਾਂ ਦਾ ਭਵਿੱਖ ਅਨਿਸਚਿਤ ਰਹੇਗਾ। ਅਸੰਬਲੀ ਦੀ ਅਣਹੋਂਦ ਵਿਚ ਵਰਤਮਾਨ ਵਿਚ ਲੇਹ ਤੇ ਕਾਰਗਿਲ ਦੀਆਂ ਖੁਦਮੁਖਤਾਰ ਪਰਬਤ ਵਿਕਾਸ ਕੌਂਸਲਾਂ ਹਨ, ਪਰ ਲੱਦਾਖ ਨੂੰ ਮਿਲਦੇ ਕੁੱਲ ਧਨ ਵਿੱਚੋਂ ਉਹ ਸਿਰਫ 10 ਫੀਸਦੀ ਹੀ ਖਰਚ ਕਰ ਸਕਦੀਆਂ ਹਨ। ਬਾਕੀ 90 ਫੀਸਦੀ ਉਪ ਰਾਜਪਾਲ ਤੇ ਨੌਕਰਸ਼ਾਹੀ ਦੀ ਮਰਜ਼ੀ ਨਾਲ ਖਰਚ ਹੁੰਦੇ ਹਨ। ਕੇਂਦਰ ਸਰਕਾਰ ਦਾ ਨਵੇਂ ਜ਼ਿਲ੍ਹੇ ਬਣਾਉਣ ਦਾ ਐਲਾਨ ਲੱਦਾਖ ਉੱਤੇ ਕੇਂਦਰ ਦੀ ਪਕੜ ਹੀ ਮਜ਼ਬੂਤ ਕਰੇਗਾ, ਉੱਥੋਂ ਦੇ ਲੋਕਾਂ ਦੀਆਂ ਉਮੰਗਾਂ ਪੂਰੀਆਂ ਨਹੀਂ ਕਰੇਗਾ। ਚੀਨ ਦੇ ਨਾਲ ਲਗਦੇ ਖੇਤਰ ਦੀ ਅਹਿਮੀਅਤ ਨੂੰ ਸਮਝਦਿਆਂ ਉਥੋਂ ਦਾ ਪ੍ਰਸ਼ਾਸਨ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਹੱਥ ਦੇਣਾ ਹੀ ਖੇਤਰ ਦੀ ਸਥਿਰਤਾ ਦਾ ਜ਼ਾਮਨ ਹੋ ਸਕਦਾ ਹੈ।

## ਪਾਠਕ-ਸੱਥ

### ਅੰਧ-ਵਿਸ਼ਵਾਸ ਦਾ ਵਧਦਾ ਪ੍ਰਕੋਪ

ਬੀਤੇ ਦਿਨੀਂ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਨੌਜਵਾਨ ਵਿੱਚੋਂ ਭੂਤ ਕੱਢਣ ਦੇ ਨਾਂਅ 'ਤੇ ਕੁੱਟਕੁੱਟ ਕੇ ਮਾਰਨ ਅਤੇ ਬਠਿੰਡਾ ਵਿੱਚ ਸ਼ਮਸ਼ਾਨਘਾਟ ਵਿੱਚੋਂ ਟੂਣਾ ਕਰਕੇ ਅਸਥੀਆਂ ਚੋਰੀ ਕਰਨ ਦੀਆਂ ਦੋ ਘਟਨਾਵਾਂ ਨੇ ਇੱਕ ਵਾਰ ਫਿਰ ਸਮਾਜ ਨੂੰ ਸ਼ਰਮਸਾਰ ਕਰਦੇ ਹੋਏ ਵਿਗਿਆਨ ਦੀ ਇੱਕੀਵੀਂ ਸਦੀ ਵਿੱਚ ਵੀ ਅੰਧ ਵਿਸ਼ਵਾਸਾਂ ਦੇ ਪੂਰੀ ਤਰ੍ਹਾਂ ਸਰਗਰਮ ਹੋਣ ਦੀ ਚਿਤਾਵਨੀ ਦਿੰਦੇ ਹੋਏ ਸੁਚੇਤ ਕੀਤਾ ਹੈ। ਮਨੁੱਖ ਜੰਗਲਾਂ ਵਿੱਚੋਂ ਨਿਕਲ ਕੇ ਸੱਭਿਅਕ ਬਣਿਆ। ਪਹੀਏ ਦੇ ਨਾਲ ਅੱਗ ਦੀ ਖੋਜ ਕਰਕੇ ਕੰਪਿਊਟਰ ਤੱਕ ਪਹੁੰਚਿਆ। ਚੰਨ, ਤਾਰੇ ਅਤੇ ਬ੍ਰਹਿਮੰਡ ਨਾਲ ਜੁੜੀਆਂ ਪੁਰਾਤਨ ਧਾਰਨਾਵਾਂ ਅਤੇ ਵਿਸ਼ਵਾਸਾਂ ਦਾ ਖੰਡਨ ਕੀਤਾ, ਪਰੰਤੂ ਅੰਧ-ਵਿਸ਼ਵਾਸ ਮਨੁੱਖ ਦੀ ਸੌੜੀ ਸੋਚ ਵਿੱਚੋਂ ਕਦੇ ਨਹੀਂ ਵਿਸਰਿਆ। ਮਨੁੱਖੀ ਲਾਲਚ ਦੇ ਵਾਧੇ ਅਤੇ ਸਵਾਰਥ ਕਰਕੇ ਇਸ ਦਾ ਪ੍ਰਸਾਰ ਹੋਰ ਵਧਿਆ। ਬੇਗੁਨਾਹਾਂ ਦੀਆਂ ਬਲੀਆਂ ਦੇਣ ਦਾ ਸਿਲਸਿਲਾ ਅੱਜ ਵੀ ਜਾਰੀ ਹੈ। ਅਖੌਤੀ ਅਤੇ ਢੌਂਗੀ ਬਾਬਿਆਂ ਦੀ ਰੋਜ਼ੀ-ਰੋਟੀ ਦਾ ਵਸੀਲਾ ਅਸੀਂ ਲੋਕ ਹੀ ਹਾਂ। ਸਾਡੀ ਮਜਬੂਰੀ ਦਾ ਫਾਇਦਾ ਲੈਂਦਿਆਂ ਇਹ ਤਾਂਤਰਿਕ ਸਾਡਾ ਸ਼ੋਸ਼ਣ ਕਰਦੇ ਹੋਏ ਆਪਣੀਆਂ ਜੇਬਾਂ ਭਰਦੇ ਹਨ। ਰਾਜਨੀਤੀ ਵਿੱਚ ਵੀ ਇਹਨਾਂ ਦੀ ਤੂਤੀ ਬੋਲਦੀ ਨਜ਼ਰ ਆਉਂਦੀ ਹੈ। ਇਹਨਾਂ ਸਵਾਰਥੀ, ਅਖੌਤੀ ਅਤੇ ਲਾਲਚ ਦੇ ਪੁਜਾਰੀਆਂ ਖਿਲਾਫ਼ ਲਾਮਬੰਦ ਹੋਣਾ ਹੋਵੇਗਾ, ਤਾਂ ਜੋ ਕੋਈ ਵੀ ਵਿਅਕਤੀ ਕਿਸੇ ਬਾਬੇ ਦੇ ਝਾਂਸੇ ਵਿੱਚ ਆ ਕੇ ਆਪਣਾ ਕੀਮਤੀ ਜੀਵਨ ਬਰਬਾਦ ਨਾ ਕਰ ਸਕੇ।

**-ਰਜਵਿੰਦਰ ਪਾਲ ਸ਼ਰਮਾ**, 708736-7969

### ਕਿਤਾਬਾਂ ਪ੍ਰਤੀ ਘਟਣਾ ਮੋਹ

ਅੱਜਕੱਲ੍ਹ ਪੰਜਾਬ ਦੇ ਵਿਦਿਆਰਥੀਆਂ ਵਿੱਚ ਕਿਤਾਬਾਂ ਪ੍ਰਤੀ ਮੋਹ ਘਟਦਾ ਜਾ ਰਿਹਾ ਹੈ ਅਤੇ ਇਹ ਇੱਕ ਦੁਖਦਾਈ ਅਤੇ ਚਿੰਤਾ ਵਾਲੀ ਗੱਲ ਹੈ। ਪੰਜਾਬ ਉਹ ਸਥਾਨ ਰਿਹਾ ਹੈ, ਜਿੱਥੇ ਵੇਦਾਂ ਦੀ ਰਚਨਾ ਹੋਈ। ਪੰਜਾਬ ਨੇ ਸਾਹਿਤ ਜਗਤ ਨੂੰ ਬਹੁਤ ਸਾਰਾ ਗਿਆਨ ਭਰਪੂਰ ਸਾਹਿਤ ਦਿੱਤਾ। ਅਨੇਕਾਂ ਪੰਜਾਬੀ ਸਾਹਿਤਕਾਰਾਂ ਨੇ ਰਾਸ਼ਟਰੀ ਪੱਧਰ 'ਤੇ ਸਾਹਿਤਕ ਸਨਮਾਨ ਹਾਸਿਲ ਕੀਤੇ। ਬਾਲੀਵੁੱਡ ਦੀਆਂ ਬਹੁਤ ਸਾਰੀਆਂ ਫਿਲਮਾਂ ਪੰਜਾਬੀ ਸਾਹਿਤਕਾਰਾਂ ਦੀਆਂ ਕਹਾਣੀਆਂ ਉੱਤੇ ਬਣੀਆਂ ਹਨ। ਪਹਿਲਾਂ ਕੋਈ ਜ਼ਮਾਨਾ ਸੀ ਕਿ ਪੰਜਾਬ ਦੇ ਵਿਦਿਆਰਥੀਆਂ ਵਿੱਚ ਸਕੂਲੀ ਪਾਠਕ੍ਰਮਾਂ ਤੋਂ ਇਲਾਵਾ ਸਾਹਿਤਕ ਰਚਨਾਵਾਂ ਪੜ੍ਹਨ-ਸੁਣਨ ਦਾ ਚਾਅ ਅਤੇ ਸ਼ੌਂਕ ਹੁੰਦਾ ਸੀ, ਪਰ ਅਜੋਕੇ ਵਿਦਿਆਰਥੀਆਂ ਦੇ ਹੱਥਾਂ ਵਿੱਚ ਸਾਹਿਤਕ ਕਿਤਾਬਾਂ ਤਾਂ ਕਿਤੇ ਵਿਰਲੀਆਂ ਹੀ ਨਜ਼ਰੀਂ ਪੈਂਦੀਆਂ ਹਨ, ਪਰ ਬਹੁਤੇ ਵਿਦਿਅਰਥੀਆਂ ਦੇ ਹੱਥਾਂ ਵਿੱਚ ਮੋਬਾਇਲ ਜ਼ਰੂਰ ਹੁੰਦਾ ਹੈ। ਸਕੂਲਾਂ, ਕਾਲਜਾਂ ਵਿੱਚ ਵੱਡੀਆਂ-ਵੱਡੀਆਂ ਲਾਇਬ੍ਰੇਰੀਆਂ ਭਾਵੇਂ ਹੋਣ, ਪਰ ਕਿਤਾਬਾਂ ਅਲਮਾਰੀਆਂ ਵਿਚ ਪਈਆਂ ਪਾਠਕਾਂ ਦੀ ਉਡੀਕ ਕਰਦੀਆਂ ਪੁਰਾਣੀਆਂ ਹੋ ਰਹੀਆਂ ਹਨ। ਰਾਮ ਸਰੂਪ ਅਣਖੀ, ਨਾਨਕ ਸਿੰਘ, ਨੰਦ ਲਾਲ ਨੂਰਪੁਰੀ, ਪ੍ਰੋ. ਗੁਰਦਿਆਲ ਸਿੰਘ, ਸ਼ਿਵ ਬਟਾਲਵੀ, ਪਾਸ਼, ਪਾਤਰ, ਅੰਮ੍ਰਿਤਾ ਪ੍ਰੀਤਮ, ਭਾਈ ਵੀਰ ਸਿੰਘ, ਪ੍ਰੋ. ਮੋਹਨ ਸਿੰਘ, ਜਿਹੇ ਅਨੇਕਾਂ ਕਵੀਆਂ ਅਤੇ ਸਾਹਿਤਕਾਰਾਂ ਦੇ ਨਾਮ ਤੋਂ ਵੀ ਬਹੁਤ ਸਾਰੇ ਵਿਦਿਆਰਥੀ ਅਣਜਾਣ ਹਨ। ਸਾਹਿਤ ਕਿਸੇ ਸੱਭਿਅਕ ਸਮਾਜ ਦਾ ਅਨਮੋਲ ਸਰਮਾਇਆ ਹੁੰਦਾ ਹੈ, ਜਿਸ ਨੂੰ ਕਿਤਾਬਾਂ ਦੇ ਰੂਪ ਵਿੱਚ ਸੰਜੋਅ ਕੇ ਰੱਖਿਆ ਜਾਂਦਾ ਹੈ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆ ਉਹਨਾਂ ਨੂੰ ਪੜ੍ਹ ਕੇ ਆਪਣੇ ਇਤਿਹਾਸ ਨੂੰ ਸਮਝਣ ਅਤੇ ਪੁਸਤਕਾਂ ਵਿਚਲੇ ਗਿਆਨ ਨਾਲ ਆਪਣੀ ਜ਼ਿੰਦਗੀ ਨੂੰ ਰੁਸ਼ਨਾਉਣ, ਪਰ ਅਜੋਕੀ ਪੀੜ੍ਹੀ ਦਾ ਕਿਤਾਬਾਂ ਪ੍ਰਤੀ ਘਟਦਾ ਮੋਹ ਪਿਆਰ ਦੇਖ ਕੇ ਇਹੀ ਲੱਗਦਾ ਹੈ ਕਿ ਕਿਤੇ ਸਾਡੇ ਪੰਜਾਬੀ ਸਾਹਿਤ ਤੋਂ ਦੂਰ ਹੁੰਦੇ ਹੁੰਦੇ ਕਿਤੇ ਮਾਨਵੀ ਮੁੱਲਾਂ ਤੋਂ ਸੱਖਣੇ ਕੋਰੇ ਹੱਡ ਮਾਸ ਦੇ ਜਿਉਂਦੇ ਪੁਤਲੇ ਬਣ ਕੇ ਨਾ ਰਹਿ ਜਾਣ।

**-ਯਸ਼ਪਾਲ ਮਾਹਵਰ,ਸ੍ਰੀ ਮੁਕਤਸਰ ਸਾਹਿਬ**

# ਕਦੋਂ ਟੁੱਟਣਗੀਆਂ ਦੇਸ਼ ਦੀ ਬੇਟੀ ਦੀਆਂ ਗੁਲਾਮੀ ਦੀਆਂ ਜ਼ੰਜੀਰਾਂ



ਬੰਤ ਸਿੰਘ ਬਰਾੜ

ਦਿੱਲੀ ਵਿਖੇ ਨਿਰਭੈਆ ਕਾਂਡ ਦੀ ਦਰਿੰਦਗੀ ਅਤੇ ਵਹਿਸ਼ੀਆਨਾ ਘਟਨਾ, ਜਿਸ ਨੇ ਸਾਰੇ ਭਾਰਤ ਵਿਚ ਔਰਤਾਂ 'ਤੇ ਜਬਰ ਵਿਰੁੱਧ ਇਕ ਜ਼ਬਰਦਸਤ ਲਹਿਰ ਖੜ੍ਹੀ ਕਰ ਦਿੱਤੀ ਸੀ, ਮਗਰੋਂ ਜਾਪਦਾ ਸੀ ਕਿ ਜਗੀਰੂ ਸਮਾਜ ਦੀ ਪ੍ਰਵਿਰਤੀ ਵਾਲੇ ਪੁਰਖੀ ਦਬ-ਦਬਾਅ ਵਾਲੇ ਸਮਾਜ 'ਚ ਕੋਈ ਪਰਿਵਰਤਨ ਆਵੇਗਾ। ਪਿਛਲੇ ਸਮੇਂ ਵਿਚ ਅਸੀਂ ਵੇਖਿਆ ਹੈ ਕਿ ਅਜਿਹੀਆਂ ਘਟਨਾਵਾਂ ਘਟਣ ਦੀ ਥਾਂ 'ਤੇ ਤੇਜ਼ ਹੋਈਆਂ ਹਨ। ਕਲਕੱਤਾ ਦੇ ਪ੍ਰਾਈਵੇਟ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਹੋਣਹਾਰ ਟਰੇਨੀ ਡਾਕਟਰ ਬੇਟੀ ਨੂੰ ਬਲਾਤਕਾਰ ਕਰਕੇ ਕੋਹ-ਕੋਹ ਕੇ ਅੰਗ-ਅੰਗ ਕੱਟ ਕੇ ਮਾਰਿਆ ਗਿਆ। ਇਸ ਘਟਨਾ ਨੇ ਮੁੜ ਸਾਰੇ ਭਾਰਤ ਵਰਸ਼ ਨੂੰ ਹਿਲਾ ਕੇ ਰੱਖ ਦਿਤਾ ਹੈ। ਸਾਰੇ ਦੇਸ ਦੇ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਦੇ ਸਟਾਫ ਅਤੇ ਵਿਦਿਆਰਥੀ, ਸਮੇਤ ਸਮਾਜੀ ਸੰਸਥਾਵਾਂ ਦੇ, ਸੜਕਾਂ 'ਤੇ ਰੋਸ ਵਜੋਂ ਉਤਰ ਆਏ।

ਯੂ.ਪੀ. ਦੇ ਪ੍ਰਸਿੱਧ ਸ਼ਹਿਰ ਮੁਰਾਦਾਬਾਦ ਵਿਚ ਦਲਿਤ ਨਰਸ ਨੂੰ ਬੰਦੀ ਬਣਾ ਕੇ ਡਾਕਟਰ ਨੇ ਬਲਾਤਕਾਰ ਕੀਤਾ। ਪੀੜਤਾ (20) ਸ਼ਾਮੀਂ 7 ਵਜੇ ਹਸਪਤਾਲ ਵਿਚ ਡਿਊਟੀ 'ਤੇ ਪੁੱਜੀ। ਉਹ ਪਿਛਲੇ 7 ਮਹੀਨਿਆਂ ਤੋਂ ਉਥੇ ਕੰਮ ਕਰ ਰਹੀ ਸੀ। ਅੱਧੀ ਰਾਤ ਨੂੰ ਇਕ ਹੋਰ ਨਰਸ ਮਹਿਨਾਜ ਨੇ ਉਸ ਨੂੰ ਡਾਕਟਰ ਸ਼ਾਹਨਿਵਾਜ ਦੇ ਕਮਰੇ ਵਿਚ ਮਿਲਣ ਲਈ ਕਿਹਾ। ਨਰਸ ਦੇ ਜਵਾਬ ਦੇਣ 'ਤੇ ਨਰਸ ਮਹਿਨਾਜ ਅਤੇ ਵਾਰਡ ਬੁਆਏ ਜੁਨੈਦ ਨੇ ਧੱਕਾ-ਮੁੱਕੀ ਕਰਕੇ ਜਬਰੀ ਨਰਸ ਨੂੰ ਡਾਕਟਰ ਦੇ ਕਮਰੇ ਵਿਚ ਬੰਦ ਕਰਕੇ ਬਾਹਰੋਂ ਕੁੰਡਾ ਲਾ ਦਿੱਤਾ। ਦਰਿੰਦੇ ਡਾਕਟਰ ਨੇ ਕਮਰੇ ਵਿਚ ਦਾਖਲ ਹੋ ਕੇ ਬਲਾਤਕਾਰ ਕੀਤਾ ਤੇ ਧਮਕੀ ਦਿਤੀ ਕਿ ਜੇਕਰ ਕਿਸੇ ਨੂੰ ਦੱਸਿਆ ਤਾਂ ਉਸ ਦਾ ਕਤਲ ਕਰ ਦਿੱਤਾ ਜਾਵੇਗਾ। ਪਿਤਾ ਦੀ ਸ਼ਿਕਾਇਤ 'ਤੇ ਪੁਲਸ ਹਰਕਤ ਵਿਚ ਆਈ ਅਤੇ ਦੋਸ਼ੀ ਨੂੰ ਫੜ ਕੇ ਲੈ ਗਏ ਅਤੇ ਪ੍ਰਾਈਵੇਟ ਹਸਪਤਾਲ ਨੂੰ ਸੀਲ ਕਰਨ ਦੇ ਆਰਡਰ ਦੇ ਦਿੱਤੇ ਗਏ।

ਇਹਨਾਂ ਦਿਨਾਂ ਵਿਚ ਇਕ ਪਾਸੇ ਕਲਕੱਤਾ ਵਿਖੇ ਡਾਕਟਰ ਨਾਲ ਹੋਏ ਜਬਰ-ਜ਼ਨਾਹ ਅਤੇ ਕਤਲ ਵਿਰੁਧ ਰੋਸ ਪ੍ਰਗਟ ਹੋ ਰਹੇ ਹਨ, ਉਸੇ ਵਕਤ ਹੀ ਮਹਾਰਾਸ਼ਟਰ ਦੇ ਸ਼ਹਿਰ ਬਦਲਾਪੁਰ ਵਿਖੇ ਇਕ ਸਕੂਲ ਦੀਆਂ ਦੋ ਛੋਟੀਆਂ-ਛੋਟੀਆਂ ਪਿਆਰੀਆਂ ਬੇਟੀਆਂ ਨੂੰ ਸਕੂਲ ਦੇ ਹੀ ਇਕ ਦਰਿੰਦੇ ਨੇ ਆਪਣੀ ਹਵਸ਼ ਦਾ ਸ਼ਿਕਾਰ ਬਣਾ ਕੇ ਲਹੂ-ਲੁਹਾਨ ਕਰ ਦਿੱਤਾ। ਬੇਟੀਆਂ ਹਸਪਤਾਲ ਵਿਚ ਜ਼ਿੰਦਗੀ-ਮੌਤ ਨਾਲ ਜੂਝ ਰਹੀਆਂ ਹਨ।

ਇਕ ਹੋਰ ਘਟਨਾ ਵਿਚ ਤਾਮਿਲਨਾਡੂ ਦੇ ਕ੍ਰਿਸ਼ਨਾਗਿਰੀ ਜ਼ਿਲੇ ਦੇ ਇਕ ਪ੍ਰਾਈਵੇਟ ਸਕੂਲ ਦੇ ਪ੍ਰਿੰਸੀਪਲ ਅਤੇ 2 ਹੋਰ ਅਧਿਆਪਕਾਂ ਸਮੇਤ 11 ਹੋਰਨਾਂ ਨੂੰ 12 ਕੁੜੀਆਂ ਨਾਲ ਬਲਾਤਕਾਰ ਕਰਨ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਸਕੂਲ ਦੇ ਅਹਾਤੇ ਵਿਚ ਇਕ ਸਿਆਸੀ ਆਗੂ ਸ਼ਿਵਰਮੈਨ ਵੱਲੋਂ ਝੂਠਾ ਐੱਨ ਸੀ ਸੀ ਦਾ ਕੈਂਪ ਆਯੋਜਿਤ ਕਰਵਾਇਆ ਗਿਆ, ਜਿਥੇ ਕੁਆਰੀਆਂ ਬੇਟੀਆਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਮੁਲਜ਼ਮਾਂ ਖਿਲਾਫ ਪੋਕਸੋ ਐਕਟ ਅਧੀਨ ਮੁਕੱਦਮਾ ਦਰਜ ਕੀਤਾ ਗਿਆ।

ਇਸੇ ਪ੍ਰਕਾਰ ਹੀ ਬੀਤੀ 20 ਅਗਸਤ ਦੇ ਅਖਬਾਰਾਂ ਦੀ ਖਬਰ ਅਨੁਸਾਰ ਅਜਮੇਰ ਦੀ ਇਕ ਵਿਸ਼ੇਸ਼ ਅਦਾਲਤ ਨੇ 1992 ਭਾਵ ਅੱਜ ਤੋਂ 32 ਸਾਲ ਪਹਿਲਾਂ ਦੇ ਭਿਅੰਕਰ ਬਲੈਕਮੇਲ ਅਤੇ ਜਬਰ-ਜ਼ਨਾਹ ਮਾਮਲੇ ਵਿਚ 6 ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਬਹੁ-ਚਰਚਿਤ ਮਾਮਲੇ ਦੌਰਾਨ ਅਜਮੇਰ ਸ਼ਹਿਰ ਦੇ ਇਕ ਪ੍ਰਾਈਵੇਟ ਸਕੂਲ ਦੀਆਂ 100 ਤੋਂ ਵੱਧ ਲੜਕੀਆਂ, ਜਿਨ੍ਹਾਂ ਦੀ ਉਮਰ 11 ਤੋਂ 20 ਸਾਲ ਦੀ ਸੀ, ਦਾ ਸੈਕਸ ਸ਼ੋਸ਼ਣ ਕੀਤਾ ਗਿਆ। 1992 ਦੇ ਇਸ ਬਹੁ-ਚਰਚਿਤ ਕਾਂਡ ਦੌਰਾਨ ਕੁੜੀਆਂ ਦੀਆਂ ਅਸ਼ਲੀਲ ਤਸਵੀਰਾਂ ਖਿੱਚ ਕੇ ਉਨ੍ਹਾਂ ਨੂੰ ਬਲੈਕਮੇਲ ਕੀਤਾ ਗਿਆ ਸੀ। ਇਨ੍ਹਾਂ ਤਸਵੀਰਾਂ ਨੂੰ ਜਨਤਕ ਕਰਨ ਦੀ ਧਮਕੀ ਦੇ ਕੇ 100 ਤੋਂ ਵੱਧ ਕੁੜੀਆਂ ਨੂੰ ਇਕ ਫਾਰਮ ਹਾਊਸ ਵਿਚ ਬੁਲਾ ਕੇ ਉਨ੍ਹਾਂ ਨਾਲ ਜਬਰ-ਜ਼ਨਾਹ ਕੀਤਾ ਗਿਆ।

ਪਿਛਲੇ ਸਾਲਾਂ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਸ਼ੇਸ਼ ਕਰਕੇ ਯੂ ਪੀ ਵਿਚ ਦਲਿਤ ਅਤੇ ਮੁਸਲਿਮ ਲੜਕੀਆਂ ਦੇ ਹੋਏ ਬਲਤਕਾਰ ਅਤੇ ਕਤਲ ਸਮਾਜ ਦੇ ਤਕੜੇ ਵਰਗਾਂ ਦੀ ਧੱਕੇਸ਼ਾਹੀ ਅਤੇ ਯੂ ਪੀ ਦੇ ਸੱਤਾਧਾਰੀਆਂ ਵੱਲੋਂ ਉਹਨਾਂ ਦੀ ਨੰਗੀ ਚਿੱਟੀ ਹਮਾਇਤ ਦਰਸਾਉਂਦੀ ਹੈ ਕਿ ਦੇਸ਼ ਦੀ 78 ਸਾਲ ਦੀ ਆਜ਼ਾਦੀ ਮਗਰੋਂ ਵੀ ਕਿਸ ਤਰ੍ਹਾਂ ਔਰਤਾਂ, ਦਲਿਤਾਂ ਅਤੇ ਘੱਟ-ਗਿਣਤੀਆਂ ਅਜੇ ਵੀ ਗੁਲਾਮੀ ਦੀ ਅਵਸਥਾ ਵਿਚੋਂ ਗੁਜ਼ਰ ਰਹੀਆਂ ਹਨ। 2014 ਪਿਛੋਂ ਕੇਂਦਰ ਵਿਚ ਸੱਤਾ ਪਰਿਵਰਤਨ ਨਾਲ ਦੇਸ਼ ਤੇ ਅੱਤ ਦੀ ਪਛੜੀ ਵਿਚਾਰਧਾਰਾ ਵਾਲੀਆਂ ਸ਼ਕਤੀਆਂ ਨੇ ਸੱਤਾ 'ਤੇ ਕਾਬਜ਼ ਹੋ ਕੇ ਫਿਰਕੂ, ਪਿਛਾਖੜੀ, ਫਾਸ਼ੀ ਅਤੇ ਬਹੁ-ਗਿਣਤੀਵਾਦ ਦੇ ਹਥਿਆਰਾਂ ਨਾਲ ਹੁੜਦੰਗ ਮਚਾਇਆ ਹੋਇਆ ਹੈ। ਆਪਣੇ ਦਕਿਆਨੂਸੀ ਅਤੇ ਸਦੀਆਂ ਪੁਰਾਣੇ ਜ਼ਰਜ਼ਰ ਵਿਚਾਰਾਂ ਨਾਲ ਵਿਗਿਆਨਕ ਸੋਚ, ਸੰਵਿਧਾਨ ਅਤੇ ਜਮਹੂਰੀ ਸੰਸਥਾਵਾਂ ਨੂੰ ਨਿਸ਼ਾਨਾ ਬਣਾ ਕੇ ਤਬਾਹ ਕਰਨ ਦੀਆਂ ਕੋਝੀਆਂ ਸਾਜ਼ਿਸ਼ਾਂ ਨੂੰ ਅੰਜਾਮ ਦਿਤਾ ਗਿਆ। ਬਿਲਕਿਸ ਬਾਨੋ, ਜਿਸ ਦਾ ਸਾਰਾ ਪਰਵਾਰ ਫਿਰਕੂ ਜਨੂੰਨੀਆਂ ਨੇ ਕਤਲ ਕਰ ਦਿੱਤਾ ਅਤੇ ਦਰਜਨਾਂ ਗੁੰਡਿਆਂ ਵੱਲੋਂ ਬਲਾਤਕਾਰ ਕੀਤਾ ਗਿਆ, ਦੀ ਘਟਨਾ ਇਹਨਾਂ ਫਾਸ਼ੀਵਾਦੀਆਂ ਦੀਆਂ ਸਾਜ਼ਿਸ਼ਾਂ ਦੀ ਤਰਜਮਾਨੀ ਕਰਦੀ ਹੈ। ਕਾਤਲਾਂ ਨੂੰ ਸਜ਼ਾ ਪੂਰੀ ਕਰਨ ਤੋਂ ਪਹਿਲਾਂ ਹੀ ਗੁਜਰਾਤ ਸਰਕਾਰ ਨੇ ਰਿਹਾਅ ਕਰ ਦਿਤਾ ਅਤੇ ਬਾਹਰ ਆਉਣ 'ਤੇ ਉਹਨਾਂ ਦਾ ਫੁੱਲਾਂ ਦੀ ਵਰਖਾ ਨਾਲ ਸੁਆਗਤ ਕੀਤਾ ਗਿਆ। ਇਹ ਘਿਨਾਉਣੀ ਅਤੇ ਅੱਤ ਦੀ ਗੈਰ-ਮਨੁੱਖੀ ਘਟਨਾ ਫਾਸ਼ੀਵਾਦੀ ਨਿਜ਼ਾਮ ਦੇ ਅੱਤਵਾਦ ਦੀ ਨੰਗੀ-ਚਿੱਟੀ ਤਸਵੀਰ ਹੈ। ਪਿਛਲੇ ਸਮੇਂ ਹੀ ਜੰਮੂ ਇਲਾਕੇ ਦੀ ਇਕ ਆਜੜੀ ਗੁੱਜਰ ਪਰਵਾਰ ਦੀ ਮਾਸੂਮ ਧੀ ਨਾਲ ਇਕ ਮੰਦਰ ਵਿਚ ਸਮੂਹਕ ਬਲਾਤਕਾਰ ਕੀਤਾ ਗਿਆ, ਫਿਰ ਸਰੀਰ ਦੇ ਟੁਟੜੇ ਕਰ ਦਿੱਤੇ ਗਏ। ਬਾਅਦ ਵਿਚ ਕਾਤਲਾਂ ਤੇ ਬਲਾਤਕਾਰਾਂ ਦੇ ਹੱਕ ਵਿਚ ਆਰ ਐੱਸ ਐੱਸ ਦੀ ਵਿਚਾਰਧਾਰਾ ਵਾਲੇ ਵਕੀਲਾਂ ਵੱਲੋਂ ਜਲੂਸ ਕੱਢਿਆ ਗਿਆ। ਇਹ ਸਭ ਕੁਝ ਇਕ ਅੱਤ ਦੀ ਬੀਮਾਰ ਸਮਾਜਿਕ ਅਵਸਥਾ ਦੀ ਤਰਜਮਾਨੀ ਤੋਂ ਬਿਨਾਂ ਕੁਝ ਨਹੀਂ। ਪਰਜਾਤੰਤਰ ਦੇ ਕਹੇ ਜਾਂਦੇ ਤਿੰਨ ਅੰਗ ਸੰਸਦ, ਕਾਰਜਕਾਰਨੀ ਅਤੇ ਜੁਡੀਸ਼ਰੀ ਦੀ ਹਾਲਤ 'ਤੇ ਨਜ਼ਰ ਮਾਰਨ ਨਾਲ ਪਤਾ ਲਗਦਾ ਹੈ ਕਿ ਸੰਸਦ ਅਤੇ ਕਾਰਜਕਾਰਨੀ ਨੇ ਕੋਈ ਬਹੁਤ ਪ੍ਰਗਤੀਸ਼ੀਲ ਕਦਮ ਪੁੱਟੇ ਹੋਣ ਨਜ਼ਰ ਨਹੀਂ ਆਉਂਦਾ। ਖਾਸ ਕਰਕੇ 2014 ਪਿਛੋਂ ਫਾਸ਼ੀ ਸੋਚ ਵਾਲੀਆਂ ਸੱਤਾਧਾਰੀ ਸ਼ਕਤੀਆਂ ਨੇ ਤਾਂ ਜਿਵੇਂ ਸਾਰੀਆਂ ਸੰਵਿਧਾਨਕ ਅਤੇ ਜਮਹੂਰੀ ਸੰਸਥਾਵਾਂ 'ਤੇ ਬਲਡੋਜ਼ਰ ਹੀ ਫੇਰ ਦਿੱਤਾ ਹੋਵੇ। ਵਿਰੋਧੀ ਧਿਰ ਨੂੰ ਸੁਣੇ ਤੋਂ ਬਿਨਾਂ ਹੀ ਇਕ ਤੋਂ ਬਾਅਦ ਦੂਜੇ ਫੈਸਲੇ ਇਕਪਾਸੜ ਤੌਰ 'ਤੇ ਹੀ ਲਏ ਗਏ।

ਜੰਮੂ-ਕਸ਼ਮੀਰ ਵਿਚੋਂ ਬਿਨਾਂ ਉਥੋਂ ਦੀ ਵਿਧਾਨ ਸਭਾ ਅਤੇ ਬਿਨਾਂ ਧਿਰੋਧੀ ਧਿਰ ਨਾਲ ਸਲਾਹ ਕੀਤਿਆਂ ਅਤੇ ਬਿਨਾਂ ਪਾਰਲੀਮੈਂਟ ਵਿਚ ਵਿਚਾਰਿਆਂ ਧੱਕੇ ਨਾਲ 370 ਅਤੇ 35-ਏ ਦੀਆਂ ਸੰਵਿਧਾਨਕ ਧਾਰਾਵਾਂ ਨੂੰ ਹਟਾਉਣਾ ਅਤੇ ਪ੍ਰਦੇਸ਼ ਦਾ ਦਰਜਾ ਖਤਮ ਕਰਕੇ ਯੂ ਟੀ ਵਿਚ ਵੰਡਣਾ, ਕਿਸਾਨਾਂ, ਮਜ਼ਦੂਰਾਂ ਵਿਰੁੱਧ ਕਾਲੇ ਕਾਨੂੰਨਾਂ ਨੂੰ ਪਾਸ ਕਰਨਾ, ਹਿੰਦੂਤਵ ਦੇ ਨਾਂਅ ਹੇਠਾਂ ਘੱਟ ਗਿਣਤੀਆਂ ਵਿਰੁੱਧ ਹਰ ਰੋਜ਼ ਜ਼ਹਿਰ ਉਗਲਣਾ ਅਤੇ ਹਿੰਸਾਤਮਕ ਕਾਰਵਾਈਆਂ ਵਾਸਤੇ ਫਿਰਕੂ ਤੱਤਾਂ ਨੂੰ ਭੜਕਾਉਣਾ ਆਦਿ ਸਾਰਾ ਕੁਝ ਇਨ੍ਹਾਂ ਦੇਸ਼ ਦੀ ਆਜ਼ਾਦੀ ਦੇ ਦੁਸ਼ਮਣਾਂ ਅਤੇ ਬਰਤਾਨਵੀ ਸਾਮਰਾਜ ਦੇ ਬੂਟ-ਚੱਟ ਸੱਤਾਧਾਰੀਆਂ ਦੇ ਕੁਕਰਮਾਂ ਦੀਆਂ ਕੁਝ ਕੁ ਵੰਨਗੀਆਂ ਹਨ।

ਜਿਥੋਂ ਤੱਕ ਜੁਡੀਸ਼ਰੀ ਦਾ ਸੰਬੰਧ ਹੈ, ਉਹ ਵੀ ਦੇਸ਼ ਦੇ ਸਮਾਜ ਦੇ ਉਸਾਰ (ਸੁਪਰਸਟਰਕਚਰ) ਭਾਵ ਸਮਾਜ ਦੀਆਂ ਚਲੰਤ ਸੰਸਥਾਵਾਂ: ਰਾਜਨੀਤਕ, ਸਮਾਜਕ ਅਤੇ ਆਰਥਿਕ ਪ੍ਰਸਥਿਤੀਆਂ ਦੇ ਪ੍ਰਭਾਵ ਹੇਠਾਂ ਹੀ ਪਲ ਰਹੀ ਹੈ। ਅਮਨ-ਕਾਨੂੰਨ ਅਤੇ ਸੰਵਿਧਾਨਕ ਸੰਸਥਾਵਾਂ ਦੀ ਰਾਖੀ ਦੇ ਕਿਤੇ-ਕਿਤੇ ਚੰਗੇਰੀ ਦਿਖ ਵਾਲੇ ਫੈਸਲਿਆਂ ਤੋਂ ਬਿਨਾਂ ਆਮ ਤੌਰ 'ਤੇ ਇਸ ਦੀ ਹਾਲਤ ਵੀ ਕੋਈ ਬਿਹਤਰ ਨਹੀਂ ਕਹੀ ਜਾ ਸਕਦੀ। ਉਦਾਹਰਣ ਵਜੋਂ ਉਪਰੋਕਤ ਅਜਮੇਰ ਦੀ ਘਟਨਾ ਦਾ ਬਿਰਤਾਂਤ ਹੈ, ਜਿਸ ਦਾ ਫੈਸਲਾ ਘਟਨਾ ਤੋਂ 32 ਸਾਲ ਪਿੱਛੋਂ ਸੁਣਾਇਆ ਗਿਆ, ਜਿਸ ਵਿਚ 100 ਤੋਂ ਵੱਧ ਲੜਕੀਆਂ ਦਾ ਬਲਾਤਕਾਰ ਕੀਤਾ ਗਿਆ ਸੀ। ਜ਼ਰਾ ਸੋਚਿਆ ਜਾਵੇ ਕਿ ਘਟਨਾ ਵਾਲੇ ਵਕਤ 20 ਸਾਲ ਦੀ ਲੜਕੀ 32 ਸਾਲ ਪਿਛੋਂ 52 ਸਾਲ ਦੀ ਹੋ ਗਈ, ਵਿਆਹ ਹੋ ਕੇ ਬੱਚੇ ਵੀ ਹੋ ਗਏ। ਬਹੁਤ ਸਾਰੀਆਂ ਕੁੜੀਆਂ ਨੇ ਆਤਮ-ਹੱਤਿਆਵਾਂ ਵੀ ਕਰ ਲਈਆਂ। ਬਲਾਤਕਾਰੀ ਇਸ ਸਮੇਂ ਆਪਣੀਆਂ ਉਮਰਾਂ ਹੰਢਾ ਕੇ ਬਜ਼ੁਰਗ ਬਣ ਗਏ ਤੇ ਹੁਣ ਉਹਨਾਂ ਨੂੰ ਉਮਰ ਕੈਦ ਸੁਣਾਉਣ ਦਾ ਕੀ ਫਾਇਦਾ?

ਇਸ ਪ੍ਰਕਾਰ ਇਹ ਇਨਸਾਫ ਨਾਲ ਇਕ ਭੱਦਾ ਮਜ਼ਾਕ ਨਹੀਂ ਤਾਂ ਕੀ ਹੈ? ਜੁਡੀਸ਼ਰੀ ਪ੍ਰਤੀ ਇਹ ਕਹਾਵਤ ਹੈ, 'ਜੇਕਰ ਇਨਸਾਫ ਕਰਨ ਵਿਚ ਬਹੁਤ ਦੇਰ ਕੀਤੀ ਜਾਵੇ ਤਾਂ ਇਸ ਦਾ ਮਤਲਬ ਤਾਂ ਇਨਸਾਫ ਨਾ ਕਰਨਾ ਹੀ ਹੈ, ਅਜੋਕੀ ਹਾਲਤ 'ਤੇ ਪੂਰੀ ਤਰ੍ਹਾਂ ਢੁਕਦੀ ਹੈ। ਮਜ਼ਦੂਰ, ਗਰੀਬ ਕਿਸਾਨ, ਔਰਤ ਅਤੇ ਆਮ ਆਦਮੀ ਇਨਸਾਫ ਵਾਸਤੇ ਅਦਾਲਤ ਦਾ ਕੁੰਡਾ ਖੜਕਾਉਂਦਾ ਹੈ ਤਾਂ ਤਕੜਾ ਵਰਗ ਤਰਤੀਬਵਾਰ ਅਪੀਲਾਂ ਰਾਹੀਂ ਸਾਲਾਂਬੱਧੀ ਫੈਸਲਾ ਲਮਕਾਉਣ ਵਿਚ ਸਫਲ ਹੋ ਜਾਂਦਾ ਹੈ। ਨਤੀਜੇ ਵਜੋਂ ਆਮ ਆਦਮੀ ਜਾਂ ਨਿਆਂ ਮੰਗਦੀ ਔਰਤ ਬੇਲੋੜੇ ਸਮਝੌਤਿਆਂ ਲਈ ਮਜਬੂਰ ਹੋ ਜਾਂਦੀ ਹੈ। ਬਹੁਤੇ ਕੇਸਾਂ ਵਿਚ ਤਕੜਾ ਵਰਗ ਜਾਂ ਰਾਜਨੀਤਕ ਪ੍ਰਭਾਵ ਵਾਲੇ ਵਿਅਕਤੀ ਪੈਸੇ, ਪੁਲਸ, ਨੌਕਰਸ਼ਾਹੀ ਤੇ ਕਈ ਥਾਵਾਂ 'ਤੇ ਜੱਜਾਂ ਤੱਕ ਪਹੁੰਚ ਕਰਕੇ ਫੈਸਲੇ ਵੀ ਆਪਣੇ ਹੱਕ ਵਿਚ ਕਰਵਾ ਲੈਣ ਵਿਚ ਸਫਲ ਹੋ ਜਾਂਦੇ ਹਨ। ਜੁਡੀਸ਼ਰੀ ਵਿਚ ਵੱਡੀਆਂ ਤਬਦੀਲੀਆਂ ਕਰਨ ਦੀ ਜ਼ਰੂਰਤ ਹੈ। ਇਕ ਮਜ਼ਬੂਤ ਜੁਡੀਸ਼ਰੀ, ਜਿਸ ਵਿਚ ਕੁਰੱਪਟ ਅਤੇ ਸਿਆਸੀ ਪ੍ਰਭਾਵ ਵਾਲੇ ਲੋਕਾਂ ਦੀ ਘੁਸਪੈਠ ਮੁਕੰਮਲ ਬੰਦ ਹੋਵੇ ਅਤੇ ਪੂਰਨ ਤੌਰ 'ਤੇ ਸੰਵਿਧਾਨ ਆਧਾਰਤ ਆਜ਼ਾਦ ਜੁਡੀਸ਼ਰੀ, ਜਿਹੜੀ ਨਿਰਧਾਰਤ ਸਮੇਂ ਵਿਚ ਫੈਸਲਾ ਦੇਣ ਦੇ ਸਮਰੱਥ ਹੋਵੇ, ਹੀ ਇਨਸਾਫ ਕਰਨ ਦੇ ਯੋਗ ਹੋ ਸਕਦੀ ਹੈ।

ਜਾਂਚ ਏਜੰਸੀਆਂ ਦਾ ਪੂਰਨ ਤੌਰ 'ਤੇ ਨਿਰਪੱਖ ਹੋਣਾ ਅਤੀ ਜ਼ਰੂਰੀ ਹੈ। ਏਜੰਸੀਆਂ ਨੂੰ ਘੱਟੋ-ਘੱਟ ਸਮੇਂ ਵਿਚ ਫੈਸਲਾ ਦੇ ਕੇ ਅਤੇ ਜੁਡੀਸ਼ਰੀ ਨੂੰ ਵੀ ਨਿਸਚਿਤ ਸਮੇਂ ਵਿਚ ਫੈਸਲਾ ਦੇਣਾ ਚਾਹੀਦਾ ਹੈ ਅਤੇ ਔਰਤਾਂ ਵਿਰੁੱਧ ਬਲਾਤਕਾਰਾਂ ਅਤੇ ਹਿੰਸਾਤਮਕ ਕਾਰੇ ਕਰਨ ਵਾਲਿਆਂ ਵਿਰੁੱਧ ਤੁਰੰਤ ਹੀ ਸਖਤ ਸਜ਼ਾਵਾਂ ਦੇਣ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਔਰਤ ਆਪਣੇ ਪਰਵਾਰਾਂ ਵਿਚ ਹੀ ਅਨੇਕਾਂ ਵਾਰ ਹਿੰਸਾ ਅਤੇ ਅਸ਼ਲੀਲਤਾ ਦਾ ਸ਼ਿਕਾਰ ਹੋ ਜਾਂਦੀ ਹੈ। ਅਜੋਕੇ ਪਰਵਾਰਾਂ ਵਿਚ ਮਾਪਿਆਂ ਨੂੰ ਬੱਚਿਆਂ ਪ੍ਰਤੀ ਪੂਰਨ ਦੋਸਤਾਨਾ ਮਹੌਲ ਰੱਖਣਾ ਚਾਹੀਦਾ ਹੈ, ਤਾਂ ਕਿ ਬੱਚੇ ਹਰ ਮਾੜੀ-ਚੰਗੀ ਗੱਲ ਬਿਨਾਂ ਕਿਸੇ ਡਰ ਤੋਂ ਮਾਪਿਆਂ ਨਾਲ ਸਾਂਝੀ ਕਰ ਸਕਣ।

ਅਸਲ ਵਿਚ ਜਿੰਨਾ ਚਿਰ ਔਰਤ ਸਮਾਜਿਕ-ਆਰਥਿਕ ਤੌਰ 'ਤੇ ਬਰਾਬਰੀ ਦਾ ਦਰਜਾ ਅਖਤਿਆਰ ਨਹੀਂ ਕਰ ਲੈਂਦੀ, ਉਸ ਲਈ ਗੁਲਾਮੀ ਦੀਆਂ ਜ਼ੰਜੀਰਾਂ ਤੋੜਨਾ ਮੁਸ਼ਕਲ ਹੈ।

ਤਲਾਕ ਹੋਣ ਦੀ ਸੂਰਤ ਵਿਚ ਜੇਕਰ ਔਰਤ ਆਰਥਿਕ ਤੌਰ 'ਤੇ ਆਪਣੇ ਪੈਰਾਂ 'ਤੇ ਨਹੀਂ ਖੜ੍ਹੀ ਤਾਂ ਉਸ ਦਾ ਭਵਿੱਖ ਪੂਰੀ ਤਰ੍ਹਾਂ ਖਤਰੇ ਵਿਚ ਬਣਿਆ ਰਹਿੰਦਾ ਹੈ। 78 ਸਾਲਾਂ ਦੀ ਆਜ਼ਾਦੀ ਮਗਰੋਂ ਵੀ ਅਸੀਂ ਔਰਤਾਂ ਨੂੰ ਸਾਰੇ ਸਮਾਜਿਕ-ਆਰਥਿਕ ਖੇਤਰਾਂ ਵਿਚ 33 ਫੀਸਦੀ ਰਾਖਵੇਂਕਰਨ ਦਾ ਹੱਕ ਵੀ ਨਹੀਂ ਦੇ ਸਕੇ, ਬਰਾਬਰੀ ਦੀ ਗੱਲ ਤਾਂ ਹੋਰ ਵੀ ਦੂਰ ਹੈ।

ਮੁੱਕਦੀ ਗੱਲ ਇਹ ਹੈ ਕਿ ਆਰਥਿਕ-ਰਾਜਨੀਤਕ ਅਤੇ ਸਮਾਜਿਕ ਪ੍ਰਬੰਧ ਵਿਚ ਗੁਣਾਤਮਕ ਪਰਿਵਰਤਨ ਦੀ ਲੋੜ ਹੈ। ਅਜੋਕੇ ਪ੍ਰਬੰਧ ਅਣ-ਵਿਗਿਆਨਕ, ਜਗੀਰੂ ਅਤੇ ਦਕਿਆਨੂਸ ਵਿਚਾਰਧਾਰਾ ਆਧਾਰਤ ਰਾਜ 'ਤੇ ਕਾਬਜ਼ ਸੱਤਾਧਾਰੀ ਪੱਖ ਧਾਰਮਿਕ ਕੱਟੜਤਾ, ਫਿਰਕਾਪ੍ਰਸਤੀ ਅਤੇ ਨਫਰਤ ਦਾ ਸਹਾਰਾ ਲੈ ਕੇ ਅੰਧ-ਵਿਸ਼ਵਾਸ ਪੈਦਾ ਕਰਦਾ ਹੋਇਆ ਕਰੋਨੀ ਪੂੰਜੀਵਾਦ ਭਾਵ ਕਾਰਪੋਰੇਟ ਸੈਕਟਰ ਦਾ ਦੇਸ਼ ਦੇ ਸਾਰੇ ਸਾਧਨਾਂ 'ਤੇ ਕਬਜ਼ਾ ਕਰਵਾ ਰਿਹਾ ਹੈ। ਇਸ ਤਰ੍ਹਾਂ ਦੇ ਜ਼ੋਰਦਾਰ ਪਿਛਾਖੜੀ ਰਾਜਸੀ ਪ੍ਰਬੰਧ ਦੀ ਜਕੜ ਨੂੰ ਮਿਹਨਤਕਸ਼ ਅਵਾਮ ਅਤੇ ਸਾਰੇ ਅੱਗੇਵਧੂ ਜਮਹੂਰੀ ਵਰਗਾਂ ਦੀ ਵਿਸ਼ਾਲ ਏਕਤਾ ਅਤੇ ਜਮਾਤੀ ਸੰਘਰਸ਼ਾਂ ਰਾਹੀਂ ਹੀ ਤੋੜਿਆ ਜਾ ਸਕਦਾ ਹੈ।

ਪੂੰਜੀਵਾਦੀ ਢਾਂਚੇ ਨੂੰ ਕ੍ਰਾਂਤੀਕਾਰੀ ਤਰੀਕਿਆਂ ਨਾਲ ਬਦਲ ਕੇ ਹੀ ਇਕ ਨਰੋਆ ਸਮਾਜਵਾਦੀ ਢਾਂਚਾ ਸਥਾਪਤ ਕਰਕੇ ਹੀ ਔਰਤ ਨੂੰ ਗੁਲਾਮੀ ਦੀ ਅਵਸਥਾ ਵਿਚੋਂ ਕੱਢਿਆ ਜਾ ਸਕਦਾ ਹੈ। ਪੂੰਜੀਵਾਦੀ ਵਿਚਾਰਧਾਰਕਾਂ ਨੇ ਸਮਾਜਵਾਦ 'ਤੇ ਹਮਲਾ ਕਰਦਿਆਂ ਕਿਹਾ ਸੀ ਕਿ ਸਮਾਜਵਾਦੀ ਲੋਕਾਂ ਨੇ ਸੱਤਾ ਹਥਿਆ ਕਿ ਹਰ ਚੀਜ਼ ਸਾਂਝੀ ਕਰ ਦੇਣੀ ਹੈ, ਇੱਥੋਂ ਤੱਕ ਕਿ ਔਰਤਾਂ ਵੀ ਸਾਂਝੀਆਂ ਕਰ ਦੇਣੀਆਂ ਹਨ। ਕਮਿਊਨਿਸਟ ਮੈਨੀਫੈਸਟੋ ਵਿਚ ਮਾਰਕਸ-ਏਂਗਲਜ਼ ਨੇ ਮੋੜਵਾਂ ਜਵਾਬ ਦਿੰਦਿਆਂ ਕਿਹਾ ਸੀ ਕਿ ਇਹ ਪੂੰਜੀਵਾਦ ਹੈ, ਜਿਥੇ ਔਰਤ ਨੂੰ ਪੈਰ ਦੀ ਜੁੱਤੀ ਸਮਝ ਕੇ ਗੁਲਾਮ ਬਣਾਇਆ ਗਿਆ ਹੈ। ਸਮਾਜਵਾਦ ਵਿਚ ਤਾਂ ਗੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਉਸ ਨੂੰ ਪੂਰਨ ਬਰਾਬਰੀ ਦਾ ਹੱਕ ਦਿੱਤਾ ਜਾਵੇਗਾ, ਜਿਥੇ ਉਹ ਮਰਦ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਸਮਾਜਿਕ ਵਿਕਾਸ ਵਿਚ ਆਪਣਾ ਪੂਰਨ ਯੋਗਦਾਨ ਪਾਉਣ ਦੇ ਪੂਰੀ ਤਰ੍ਹਾਂ ਸਮਰੱਥ ਬਣ ਜਾਵੇਗੀ।

**# ਸੰਪਰਕ : 98767-26452**

# ਪੰਜਾਬੀਓ ! ਸਾਈਬਰ ਠੱਗਾਂ ਤੋਂ ਹੋ ਜਾਓ ਸਾਵਧਾਨ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**



ਕਿਹਾ ਜਾਂਦਾ ਹੈ ਕਿ ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੈ, ਜੋ ਗਿਆਨ ਦੀ ਦ੍ਰਿਸ਼ਟੀ ਪ੍ਰਦਾਨ ਕਰਕੇ ਮਨੁੱਖ ਨੂੰ ਇਹ ਦੁਨੀਆ ਹੋਰ ਵਧੀਆ ਢੰਗ ਨਾਲ ਵੇਖਣ ਅਤੇ ਸੁਆਰਨ ਦਾ ਮੌਕਾ ਪ੍ਰਦਾਨ ਕਰਦੀ ਹੈ, ਪਰ 'ਘੋਰ ਕਲਯੁਗ' ਆਖੇ ਜਾਂਦੇ ਇਸ ਅਜੋਕੇ ਯੁੱਗ ਵਿੱਚ ਵਿੱਦਿਆ ਤਰੱਕੀ ਤੇ ਖ਼ੁਸ਼ਹਾਲੀ ਦੇ ਨਾਲ-ਨਾਲ ਬਰਬਾਦੀ ਅਤੇ ਤਬਾਹੀ ਦਾ ਕਾਰਨ ਵੀ ਬਣਦੀ ਜਾ ਰਹੀ ਹੈ। ਕੰਪਿਊਟਰ ਅਤੇ 5-ਜੀ ਇੰਟਰਨੈੱਟ ਦੇ ਇਸ ਯੁਗ ਵਿੱਚ ਸਾਈਬਰ ਠੱਗਾਂ ਵੱਲੋਂ ਨਿੱਤ ਨਵੇਂ ਹਥਕੰਡੇ ਅਪਨਾ ਕੇ ਭੋਲੇ-ਭਾਲੇ ਲੋਕਾਂ ਨੂੰ ਦਿਨ-ਦੀਵੀਂ ਠੱਗਿਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਇਹ ਨਹੀਂ ਹੈ ਕਿ ਗ਼ਰੀਬ, ਪੇਂਡੂ ਜਾਂ ਅਨਪੜ੍ਹ ਲੋਕ ਇਸ ਠੱਗੀ ਦੇ ਸ਼ਿਕਾਰ ਬਣ ਰਹੇ ਹਨ, ਸਗੋਂ ਹੈਰਾਨ ਤੇ ਪ੍ਰੇਸ਼ਾਨ ਕਰਨ ਵਾਲਾ ਤੱਥ ਇਹ ਹੈ ਕਿ ਸ਼ਹਿਰੀ, ਮੈਟਰੋਪੋਲੀਟਿਨ ਸ਼ਹਿਰੀ, ਅਮੀਰ ਅਤੇ ਵੱਧ ਪੜ੍ਹੇ-ਲਿਖੇ ਅਫ਼ਸਰ, ਵਪਾਰੀ, ਰਾਜਨੇਤਾ ਅਤੇ ਅਭਿਨੇਤਾ ਵੀ ਇਸ ਠੱਗੀ ਦੇ ਜਾਲ ਤੋਂ ਬਚ ਨਹੀਂ ਪਾਏ ਹਨ ਤੇ ਸਮੁੱਚੇ ਭਾਰਤ ਵਿੱਚ ਅਤੇ ਖ਼ਾਸ ਕਰਕੇ ਪੰਜਾਬ ਵਿੱਚ ਸਾਈਬਰ ਠੱਗੀ ਦੇ ਸ਼ਿਕਾਰ ਹੋਣ ਵਾਲੇ ਲੋਕਾਂ ਦੀ ਸੰਖਿਆ, ਜਨਸੰਖਿਆ ਦੇ ਨਿੱਤ ਵਧਦੇ ਅੰਕੜਿਆਂ ਵਾਂਗ ਤੇਜ਼ੀ ਨਾਲ ਵਧ ਰਹੀ ਹੈ। ਸਾਈਬਰ ਠੱਗਾਂ ਦੀ ਨਜ਼ਰ ਵਿੱਚ ਪੰਜਾਬ ਇੱਕ ਖ਼ੁਸ਼ਹਾਲ ਸੂਬਾ ਹੈ ਤੇ ਇੱਥੋਂ ਵਿਦੇਸ਼ ਜਾਣ ਵਾਲਿਆਂ ਜਾਂ ਜਾਣ ਦੇ ਚਾਹਵਾਨਾਂ ਦੀ ਸੰਖਿਆ ਬਾਕੀ ਸੂਬਿਆਂ ਦੇ ਮੁਕਾਬਲਤਨ ਕਾਫੀ ਜ਼ਿਆਦਾ ਹੈ।

ਪੰਜਾਬ ਵਿੱਚ ਵਰਤਮਾਨ ਸਮੇਂ ਅੰਦਰ ਸਾਈਬਰ ਠੱਗਾਂ ਵੱਲੋਂ ਆਨਲਾਈਨ ਠੱਗੀ ਦਾ ਜੋ ਪੈਟਰਨ ਜਾਂ ਤਰੀਕਾਕਾਰ ਵਰਤਿਆ ਜਾ ਰਿਹਾ ਹੈ, ਉਹ ਕੋਈ ਬਹੁਤ ਪੇਚੀਦਾ ਨਹੀਂ, ਸਗੋਂ ਬੜੇ ਹੀ ਸ਼ਾਤਰਾਨਾ ਢੰਗ ਨਾਲ ਬੁਣਿਆ ਗਿਆ ਇੱਕ ਮੱਕੜਜਾਲ ਹੈ, ਜਿਸ ਵਿੱਚ ਉਨ੍ਹਾ ਦੇ ਸ਼ਿਕਾਰ ਆਪਣੇ-ਆਪ ਫ਼ਸਦੇ ਚਲੇ ਜਾਂਦੇ ਹਨ। ਸਾਈਬਰ ਠੱਗ ਕੇਵਲ ਕੰਪਿਊਟਰ ਜਾਂ ਤਕਨੀਕ ਦੇ ਮਾਹਿਰ ਨਹੀਂ ਹਨ, ਸਗੋਂ ਭਾਸ਼ਾ ਅਤੇ ਭਾਵਨਾਵਾਂ ਦੀ ਸਹੀ ਵਰਤੋਂ ਕਰਨ ਵਿੱਚ ਵੀ ਮਾਹਿਰ ਹਨ। ਗੱਲਾਂ-ਗੱਲਾਂ ਵਿੱਚ ਹੀ ਆਪਣੀ ਗੱਲ ਮਨਵਾ ਕੇ ਪੀੜਤ ਵਿਅਕਤੀ ਕੋਲੋਂ ਆਪਣੀ ਮਨਚਾਹੀ ਰਕਮ ਹਾਸਲ ਕਰ ਲੈਣ ਦਾ ਹੁਨਰ ਉਨ੍ਹਾ ਨੂੰ ਬਾਖ਼ੂਬੀ ਆਉਂਦਾ ਹੈ। ਪੰਜਾਬ ਵਿੱਚ ਸਾਈਬਰ ਠੱਗ ਦੇ ਜੋ ਤਰੀਕੇ ਪ੍ਰਚੱਲਿਤ ਹਨ, ਉਨ੍ਹਾ ਵਿੱਚ ਪਹਿਲਾ ਤਰੀਕਾ ਵਿਦੇਸ਼ੀ ਮੁਲਕਾਂ ਵਿੱਚ ਵੱਸੇ ਪੰਜਾਬੀਆਂ ਦੇ ਇਧਰ ਰਹਿੰਦੇ ਰਿਸ਼ਤੇਦਾਰਾਂ ਨਾਲ ਸਾਈਬਰ ਠੱਗੀ ਮਾਰਨ ਦਾ ਹੈ। ਸਾਈਬਰ ਠੱਗ ਵੱਲੋਂ ਪੰਜਾਬ ਦੇ ਕਿਸੇ ਵੀ ਫ਼ੋਨ ਨੰਬਰ 'ਤੇ ਕਾਲ ਕਰਕੇ ਕਿਹਾ ਜਾਂਦਾ ਹੈ ਕਿ 'ਪਛਾਣੋ ਭਲਾ ਮੈਂ ਕੌਣ ਬੋਲਦਾ ਹਾਂ?' ਜੇ ਪੰਜਾਬੀ ਵਿਅਕਤੀ ਨਾ ਪਛਾਣ ਸਕੇ ਤਾਂ ਅੱਗੋਂ ਠੱਗ ਕਹਿੰਦਾ ਹੈ-"ਚਲੋ ਦੱਸੋ ਭਲਾ ਤੁਹਾਡਾ ਕਿਹੜਾ ਰਿਸ਼ਤੇਦਾਰ ਵਿਦੇਸ਼ ਗਿਆ ਹੈ?" ਪੰਜਾਬੀ ਬੰਦੇ ਵੱਲੋਂ ਆਪਣੇ ਉਸ ਭਤੀਜੇ, ਭਣੇਵੇਂ, ਮਿੱਤਰ ਜਾਂ ਕਿਸੇ ਹੋਰ ਰਿਸ਼ਤੇ ਦਾ ਨਾਂਅ ਦੱਸਦਿਆਂ ਸਾਰ ਹੀ ਠੱਗ ਅੱਗਿਓਂ ਪੰਜਾਬੀ ਬੰਦੇ ਨੂੰ 'ਫੁੱਫੜ ਜੀ, ਮਾਸੜ ਜੀ' ਜਾਂ ਅਜਿਹੇ ਹੀ ਕਿਸੇ ਰਿਸ਼ਤੇ ਦਾ ਨਾਂਅ ਲੈ ਕੇ ਪੁਕਾਰਦਾ ਹੈ ਤੇ ਮਿੱਠੀਆਂ ਗੱਲਾਂ ਵਿੱਚ ਉਲਝਾ ਕੇ ਚੋਗਾ ਪਾਉਂਦਿਆਂ ਹੋਇਆਂ ਆਖ਼ਦਾ ਹੈ-" ਮੈਂ ਪੰਜਾਬ 'ਚ ਇਕ ਪਲਾਟ ਖ਼ਰੀਦਣਾ ਹੈ ਤੇ ਮੈਂ ਤੁਹਾਨੂੰ 25 ਲੱਖ ਰੁਪਏ ਭੇਜਣੇ ਹਨ, ਤੁਸੀਂ ਆਪਣੀ ਬੈਂਕ ਅਕਾਊਂਟ ਦੀ ਡਿਟੇਲ ਮੈਨੂੰ ਭੇਜੋ।"

ਬੈਂਕ ਖਾਤੇ ਦੀ ਡਿਟੇਲ ਮਿਲਦਿਆਂ ਹੀ ਠੱਗ ਵਿਅਕਤੀ ਉਸ ਖਾਤੇ ਵਿੱਚ 25 ਲੱਖ ਟਰਾਂਸਫ਼ਰ ਕੀਤੇ ਜਾਣ ਦੀ ਇੱਕ ਫ਼ਰਜ਼ੀ ਰਸੀਦ ਦੀ ਫ਼ੋਟੋ ਭੇਜ ਕੇ ਸਬੰਧਤ ਪੰਜਾਬੀ ਵਿਅਕਤੀ ਨੂੰ ਯਕੀਨ ਦੁਆ ਦਿੰਦਾ ਹੈ ਕਿ ਪੈਸੇ ਉਸ ਦੇ ਖਾਤੇ 'ਚ ਆ ਚੁੱਕੇ ਹਨ। ਫਿਰ ਕੁਝ ਕੁ ਘੰਟਿਆਂ ਬਾਅਦ ਉਹ ਠੱਗ ਮੁੜ ਫ਼ੋਨ ਕਰਦਾ ਹੈ ਤੇ ਆਖ਼ਦਾ ਹੈ -" ਮੇਰਾ ਇੱਕ ਦੋਸਤ ਇੱਥੇ ਕੈਨੇਡਾ ਵਿੱਚ ਮੇਰੇ ਨਾਲ ਰਹਿੰਦਾ ਹੈ ਤੇ ਪੰਜਾਬ 'ਚ ਰਹਿੰਦੀ ਉਸ ਦੀ ਮਾਂ ਸਖ਼ਤ ਬਿਮਾਰ ਹੈ ਤੇ ਹਸਪਤਾਲ ਦਾਖ਼ਲ ਹੈ। ਉਸ ਨੂੰ ਤੁਰੰਤ ਦੋ ਲੱਖ ਰੁਪਏ ਦੀ ਜ਼ਰੂਰਤ ਹੈ ਤੇ ਮੈਂ ਆਪਣੇ ਸਾਰੇ ਪੈਸੇ ਤੁਹਾਨੂੰ ਭੇਜ ਚੁੱਕਾ ਹਾਂ.. ਤੁਸੀਂ ਇੰਜ ਕਰੋ ਮੈਂ ਤੁਹਾਨੂੰ ਇੱਕ ਖਾਤਾ ਨੰਬਰ ਭੇਜਦਾ ਹਾਂ, ਤੁਸੀਂ ਆਪਣੇ ਖਾਤੇ 'ਚੋਂ ਉਸ ਵਿੱਚ ਦੋ ਲੱਖ ਰੁਪਏ ਪਾ ਦਿਓ ਤੇ ਮੇਰੇ ਭੇਜੇ ਪੈਸਿਆਂ ਵਿੱਚੋਂ ਆਪਣੇ ਦੋ ਲੱਖ ਰੁਪਏ ਕੱਟ ਲਿਓ.."। ਇੰਜ ਗੱਲਾਂ ਵਿੱਚ ਫ਼ਸਾ ਕੇ ਠੱਗ ਵਿਅਕਤੀ ਆਪਣੇ ਖਾਤੇ ਵਿਚ ਦੋ ਲੱਖ ਰੁਪਏ ਜਾਂ ਕੋਈ ਹੋਰ ਰਾਸ਼ੀ ਪੁਆ ਲੈਂਦੇ ਹਨ ਤੇ ਫਿਰ ਪੱਤਰਾ ਵਾਚ ਜਾਂਦੇ ਹਨ। ਹੈਰਾਨੀ ਦੀ ਗੱਲ ਇਹ ਹੁੰਦੀ ਹੈ ਕਿ ਜਿਸ ਖਾਤੇ ਵਿੱਚ ਪੀੜਤ ਵਿਅਕਤੀ ਨੇ ਪੈਸੇ ਟਰਾਂਸਫ਼ਰ ਕੀਤੇ ਹੁੰਦੇ ਹਨ, ਉਹ ਕਿਸੇ ਦੱਖਣ ਭਾਰਤੀ ਰਾਜ ਜਾਂ ਕਿਸੇ ਹੋਰ ਦੂਰ-ਦੁਰਾਡੇ ਰਾਜ ਦਾ ਹੁੰਦਾ ਹੈ।

ਪੰਜਾਬ ਵੱਸਦੇ ਲੋਕਾਂ ਨੂੰ ਠੱਗਣ ਦਾ ਦੂਜਾ ਪ੍ਰਚੱਲਿਤ ਤਰੀਕਾ ਇਹ ਹੈ ਕਿ ਠੱਗ ਫ਼ੋਨ ਕਰਕੇ ਦੱਸਦੇ ਹਨ ਕਿ ਤੁਹਾਡੇ ਵਿਦੇਸ਼ ਰਹਿੰਦੇ ਲੜਕੇ ਦਾ ਝਗੜਾ ਹੋ ਗਿਆ ਹੈ ਜਾਂ ਐਕਸੀਡੈਂਟ ਹੋ ਗਿਆ ਹੈ ਤੇ ਉਸ ਨੂੰ ਪੁਲਸ ਤੋਂ ਛੁਡਵਾਉਣ ਲਈ ਜਾਂ ਹਸਪਤਾਲ 'ਚ ਉਸ ਦੇ ਇਲਾਜ ਲਈ ਦੋ ਲੱਖ ਰੁਪਏ ਦੀ ਲੋੜ ਹੈ, ਇਸ ਲਈ ਛੇਤੀ ਨਾਲ ਰੁਪਏ ਦਿੱਤੇ ਗਏ ਖਾਤੇ ਵਿੱਚ ਪਾ ਦਿਓ।

ਪੰਜਾਬ ਵਿੱਚ ਦਿਨ ਤੇ ਵਿਦੇਸ਼ ਵਿੱਚ ਰਾਤ ਹੋਣ ਦਾ ਫ਼ਾਇਦਾ ਉਠਾਉਂਦੇ ਹੋਏ ਠੱਗ ਅਕਸਰ ਦਿਨ ਦੇ ਸਮੇਂ ਹੀ ਕਾਲ ਕਰਦੇ ਹਨ, ਕਿਉਂਕਿ ਜੇਕਰ ਕੋਈ ਸੂਝਵਾਨ ਪੰਜਾਬੀ ਪੈਸੇ ਦੇਣ ਤੋਂ ਪਹਿਲਾਂ ਆਪਣੇ ਬੱਚੇ ਨੂੰ ਫ਼ੋਨ ਕਰਕੇ ਸੱਚ ਜਾਨਣ ਦੀ ਕੋਸ਼ਿਸ਼ ਵੀ ਕਰੇ ਤਾਂ ਉਧਰ ਗੂੜ੍ਹੀ ਰਾਤ ਹੋਣ ਕਰਕੇ ਬੱਚੇ ਘੂਕ ਸੁੱਤੇ ਹੁੰਦੇ ਹਨ ਤੇ ਫ਼ੋਨ ਨਾ ਅਟੈਂਡ ਕਰਨ 'ਤੇ ਮਾਪਿਆਂ ਦੀ ਚਿੰਤਾ ਹੋਰ ਵਧ ਜਾਂਦੀ ਹੈ ਤੇ ਕਿਸੇ ਅਣਹੋਣੀ ਤੋਂ ਡਰਦਿਆਂ ਉਹ ਤੁਰੰਤ ਹੀ ਮੰਗੀ ਗਈ ਰਾਸ਼ੀ ਦਿੱਤੇ ਗਏ ਬੈਂਕ ਖਾਤੇ ਵਿੱਚ ਪਾ ਦਿੰਦੇ ਹਨ ਤੇ ਠੱਗੀ ਦੇ ਸ਼ਿਕਾਰ ਹੋ ਨਿੱਬੜਦੇ ਹਨ। ਠੱਗੀ ਦੇ ਤੀਜੇ ਤਰੀਕੇ ਵਿੱਚ ਪੰਜਾਬੀਆਂ ਨੂੰ ਸਾਈਬਰ ਠੱਗ ਫ਼ੋਨ ਕਰਦਾ ਹੈ ਜਾਂ ਮੈਸੇਜ਼ ਭੇਜਦੇ ਹਨ ਕਿ "ਤੁਹਾਡੀ 25 ਲੱਖ ਰੁਪਏ ਦੀ ਲਾਟਰੀ ਨਿਕਲੀ ਹੈ ਜਾਂ ਕੌਣ ਬਣੇਗਾ ਕਰੋੜਪਤੀ ਵੱਲੋਂ ਤੁਹਾਡਾ 25 ਲੱਖ ਰੁਪਏ ਦਾ ਇਨਾਮ ਨਿਕਲਿਆ ਹੈ"। ਮੁਫ਼ਤ ਦੇ ਪੈਸਿਆਂ ਦੇ ਲਾਲਚ ਵਿੱਚ ਸਬੰਧਤ ਵਿਅਕਤੀ ਇਹ ਵਿਚਾਰ ਹੀ ਨਹੀਂ ਕਰਦਾ ਹੈ ਕਿ ਉਸ ਨੇ ਨਾ ਤਾਂ ਕੋਈ ਲਾਟਰੀ ਪਾਈ ਸੀ ਤੇ ਨਾ ਹੀ 'ਕੌਣ ਬਣੇਗਾ ਕਰੋੜਪਤੀ' ਟੀ.ਵੀ. ਸ਼ੋਅ ਵਿੱਚ ਕਦੇ ਫ਼ੋਨ ਕੀਤਾ ਸੀ। ਉਹ ਤੁਰੰਤ ਹੀ ਦਿੱਤੇ ਗਏ ਫ਼ੋਨ ਨੰਬਰ ਜਾਂ ਲਿੰਕ 'ਤੇ ਸੰਪਰਕ ਕਰ ਦਿੰਦਾ ਹੈ ਤੇ ਕੁਝ ਕੁ ਮਿੰਟਾਂ ਵਿੱਚ ਹੀ ਠੱਗ ਉਸ ਨੂੰ ਆਪਣੀਆਂ ਗੱਲਾਂ ਦੇ ਜਾਲ ਵਿੱਚ ਫ਼ਸਾ ਕੇ ਉਸ ਕੋਲੋਂ ਕੋਈ ਰਕਮ ਆਪਣੇ ਖਾਤੇ ਵਿੱਚ ਤਬਦੀਲ ਕਰਵਾ ਹੀ ਲੈਂਦੇ ਹਨ।

ਜਿਵੇਂ-ਜਿਵੇਂ ਲੋਕ ਸਾਈਬਰ ਠੱਗੀ ਸੰਬੰਧੀ ਜਾਣਕਾਰ ਬਣੀ ਜਾਂਦੇ ਹਨ, ਤਿਵੇਂ-ਤਿਵੇਂ ਸਾਈਬਰ ਠੱਗ ਵੀ 'ਸਮਾਰਟ' ਹੁੰਦੇ ਜਾ ਰਹੇ ਹਨ ਤੇ ਆਪਣੇ ਠੱਗੀ ਦੇ ਤਰੀਕੇ ਬਦਲਦੇ ਜਾ ਰਹੇ ਹਨ। ਇਸ ਵੇਲੇ ਪੰਜਾਬ ਦੇ ਲੋਕਾਂ ਨੂੰ ਫ਼ੋਨ 'ਤੇ ਇੱਕ ਮੈਸੇਜ਼ ਮਿਲ ਰਿਹਾ ਹੈ, ਜਿਸ ਵਿੱਚ ਲਿਖਿਆ ਹੈ-'ਆਪਣੇ ਘਰ ਜਾਂ ਜ਼ਮੀਨ 'ਤੇ ਮੋਬਾਇਲ ਕੰਪਨੀ ਦਾ ਟਾਵਰ ਲਗਵਾਓ। ਕਿਰਾਇਆ 40 ਹਜ਼ਾਰ ਰੁਪਏ ਮਹੀਨਾ ਤੇ ਪਰਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਅਤੇ ਐਡਵਾਂਸ 70 ਲੱਖ ਰੁਪਏ ਹਾਸਿਲ ਕਰੋ।' ਇਸ ਦੇ ਅੰਤ ਵਿੱਚ ਇੱਕ ਸੰਪਰਕ ਨੰਬਰ ਜਾਂ ਲਿੰਕ ਦਿੱਤਾ ਹੈ, ਜਿਸ 'ਤੇ ਸੰਪਰਕ ਕਰਦਿਆਂ ਸਾਰ ਹੀ ਠੱਗਾਂ ਦੀ ਖੇਡ ਸ਼ੁਰੂ ਹੋ ਜਾਂਦੀ ਹੈ ਤੇ ਠੱਗੇ ਜਾਣ ਵਾਲੇ ਸ਼ਖ਼ਸ ਨੂੰ ਅਹਿਸਾਸ ਵੀ ਨਹੀਂ ਹੁੰਦਾ ਕਿ ਉਹ ਠੱਗਿਆ ਜਾ ਰਿਹਾ ਹੈ। ਉਕਤ ਤੋਂ ਇਲਾਵਾ ਸਾਈਬਰ ਠੱਗੀ ਦੇ ਪ੍ਰਚੱਲਿਤ ਤਰੀਕਿਆਂ ਵਿੱਚ ਬੈਂਕ ਵੱਲੋਂ ਮੈਸੇਜ਼ ਭੇਜ ਕੇ 'ਕੇ.ਵਾਈ.ਸੀ.' ਭਾਵ ਗ੍ਰਾਹਕ ਦੀ ਜਾਣਕਾਰੀ ਅਪਡੇਟ ਕਰਨ ਦੇ ਨਾਂਅ 'ਤੇ ਆਧਾਰ ਕਾਰਡ ਸੰਬੰਧੀ ਅਤੇ ਹੋਰ ਡਿਟੇਲ ਲੈ ਲਈ ਜਾਂਦੀ ਹੈ ਤੇ ਸੰਪਰਕ ਕਰਤਾ ਦੇ ਖਾਤੇ ਵਿੱਚੋਂ ਮੋਟੀ ਰਕਮ ਸਾਫ਼ ਕਰ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਮੈਸੇਜ਼ ਆਉਂਦਾ ਹੈ-'ਤੁਸੀਂ ਬਿਜਲੀ ਦਾ ਬਿੱਲ ਅਦਾ ਨਹੀਂ ਕੀਤਾ ਹੈ ਤੇ ਜੇਕਰ ਅੱਜ ਸ਼ਾਮ ਨੂੰ ਆਪਣਾ ਬਿਜਲੀ ਕੁਨੈਕਸ਼ਨ ਕੱਟੇ ਜਾਣ ਤੋਂ ਬਚਾਉਣਾ ਚਾਹੁੰਦੇ ਹੋ ਤਾਂ ਅੱਗੇ ਦਿੱਤੇ ਨੰਬਰ 'ਤੇ ਸੰਪਰਕ ਕਰੋ'। ਕੁਝ ਲੋਕ ਜੋ ਕਿ ਆਨਲਾਈਨ ਸ਼ਾਪਿੰਗ ਕਰਦੇ ਹਨ, ਉਨ੍ਹਾ ਨੂੰ ਉਨ੍ਹਾ ਦੀ ਸ਼ਾਪਿੰਗ ਵਾਲੀ ਐਪ ਤੋਂ ਹੀ 'ਵੱਡੇ ਡਿਸਕਾਊਂਟ' ਨਾਲ ਸ਼ਾਪਿੰਗ ਕਰਨ ਜਾਂ ਪਹਿਲਾਂ ਸ਼ਾਪਿੰਗ ਕਰਨ ਤੇ ਫਿਰ ਖ਼ਰਚੀ ਸਾਰੀ ਰਕਮ 'ਕੈਸ਼ ਬੈਕ' ਰਾਹੀਂ ਵਾਪਸ ਹਾਸਲ ਕਰਨ' ਦਾ ਮਨਮੋਹਕ ਸੰਦੇਸ਼ ਮਿਲਦਾ ਹੈ ਤੇ ਆਰਡਰ ਦੇਣ ਅਤੇ ਕੈਸ਼ ਬੈਕ ਦੇ ਲਾਲਚ ਵਿੱਚ ਵੱਡੀ ਅਦਾਇਗੀ ਕਰਨ ਦੇ ਬਾਅਦ ਪੀੜਤਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾ ਨਾਲ ਠੱਗੀ ਹੋ ਗਈ ਹੈ।

ਮੁੱਕਦੀ ਗੱਲ ਇਹ ਹੈ ਕਿ ਹਰੇਕ ਪੰਜਾਬ ਵਾਸੀ ਨੂੰ ਸੁਚੇਤ ਹੋਣ ਤੇ ਦੋ ਗੱਲਾਂ ਪੱਲੇ ਬੰਨ੍ਹ ਲੈਣ ਦੀ ਭਾਰੀ ਲੋੜ ਹੈ। ਪਹਿਲੀ ਗੱਲ ਇਹ ਕਿ ਕੋਈ ਵੀ ਵਿਅਕਤੀ ਜਾਂ ਕੰਪਨੀ ਮੁਫ਼ਤ 'ਚ ਲੱਖਾਂ ਰੁਪਏ ਨਹੀਂ ਵੰਡਦੀ ਤੇ ਦੂਜੀ ਗੱਲ ਕਿਸੇ ਵੀ ਅਣਜਾਣ ਨੰਬਰ ਤੋਂ ਆਈ ਕਾਲ ਜਾਂ ਅਣਜਾਣ ਵਿਅਕਤੀ ਨਾਲ ਗੱਲਬਾਤ ਨਾ ਕਰੋ ਤੇ ਤੁਰੰਤ ਕਾਲ ਬੰਦ ਕਰ ਦਿਓ। ਕੋਈ ਵਿਅਕਤੀ ਤੁਹਾਨੂੰ ਬੈਂਕ ਅਧਿਕਾਰੀ ਜਾਂ ਕੋਈ ਹੋਰ ਅਫ਼ਸਰ ਬਣ ਕੇ ਜਿੰਨਾ ਮਰਜ਼ੀ ਆਖੇ ਕਦੇ ਵੀ ਆਪਣੇ ਆਧਾਰ ਕਾਰਡ ਜਾਂ ਬੈਂਕ ਖਾਤੇ ਦੀ ਡਿਟੇਲ ਉਸ ਨਾਲ ਸਾਂਝੀ ਨਾ ਕਰੋ। ਸਾਈਬਰ ਠੱਗੀ ਤੋਂ ਬਚਣ ਦਾ ਮੂਲ ਮੰਤਰ ਭਾਰਤੀ ਰਿਜ਼ਰਵ ਬੈਂਕ ਵੱਲੋਂ ਦਿੱਤਾ ਨਾਅਰਾ ਹੈ, ਜੋ ਆਖ਼ਦਾ ਹੈ-"ਜਾਣਕਾਰ ਬਣੋ ਅਤੇ ਸੁਚੇਤ ਰਹੋ"।

**# ਸੰਪਰਕ : 97816-46008**

